੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੭ ਜਿਲਦ ੩੧ ੧੮-੨੪ ਮਾਰਚ ੨੦੨੧, ੫-੧੧ ਚੇਤਰ ੨੦੨੨ ਨਾਨਕਸ਼ਾਹੀ ਸੰਮਤ ੫੫੩
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 17 Volume 31, 18 - 24 March, 2021
Yearly Subscription India 250/-, Abroad 2500/- and Life Membership India 2500/-, Abroad 25000/-

# ਬੁਧਿ ਬਦਲੀ ਸਿਧਿ ਪਾਈ

❖ **ਭਾਈ ਸਾਹਿਬ ਭਾਈ ਵੀਰ ਸਿੰਘ**

ਪੰਜਾਬ ਦੀ ਐਰਾਵਤੀ, ਜਿਸ ਨੂੰ ਹੁਣ ਰਾਵੀ ਕਹਿੰਦੇ ਹਨ, ਆਪਣੇ ਰੰਗਾਂ ਵਿਚ ਠੁਮਕ ਠੁਮਕ ਵਗ ਰਹੀ ਹੈ। ਅੰਮ੍ਰਿਤ ਵੇਲਾ ਹੈ, ਪਛੋਂ ਵਲੋਂ ਠੰਢੀ ਠੰਢੀ ਹਵਾ ਦਰਿਯਾ ਦੇ ਪਾਣੀ ਦੇ ਗਲ ਲੱਗ ਲੱਗ ਪਿਆਰ ਲੈ ਲੈ ਆ ਰਹੀ ਹੈ। ਉਰਾਰਲੇ ਕੰਢੇ ਰੱਬੀ ਜੋਤਿ (ਗੁਰੂ ਨਾਨਕ ਦੇਵ ਜੀ) ਬੈਠੀ ਹੈ, ਸਮਾਧੀ ਲੱਗ ਰਹੀ ਹੈ, ਮਰਦਾਨਾ ਕੀਰਤਨ ਕਰ ਰਿਹਾ ਹੈ, ਇਸ ਧਰਤੀ ਦੇ ਉੱਤੇ ਅਰਸ਼ੀ ਸ਼ੋਭਾ ਛਾ ਰਹੀ ਹੈ। ਕੋਈ ਪ੍ਰੇਮੀ, ਜਾਗ ਪਿਆ ਬੰਦਾ, ਜਿਸ ਨੂੰ ਇਸ ਮਾਇਆ ਦੀ ਢੋਲ-ਕੜਕੁੱਟ ਵਿਚ ਉਹ ਬ੍ਰੀਕ ਮਹੀਨ ਅਵਾਜ਼ ਆ ਰਹੀ ਹੈ ਕਿ ਅੱਗਾ ਹੈ, ਅੱਗਾ ਹੈ; ਮੌਤ ਤੋਂ ਪਰੇ ਜੀਵਨ ਹੈ, ਇਹ ਜੀਵਨ ਥੋੜੇ ਸਮੇਂ ਦਾ ਹੈ, ਹਾਂ, ਉਹ ਸਦਾ ਦਾ ਹੈ, ਹਾਂ, ਇਸ ਸੋਝੀ ਵਾਲਾ ਬੰਦਾ, ਕੋਈ ਕੋਈ ਆਦਮੀ, ਆਕੇ ਸੀਸ ਨਿਵਾਕੇ ਚੁਪਾਤੇ ਬਹਿ ਜਾਂਦਾ ਹੈ, ਜੁੜੇ ਬੈਠੇ ਹਨ ਸਾਂਈਂ ਨਾਲ ਕਿੰਨੇ ਹੀ ਐਸੇ ਸੁਹਣੇ ਬੰਦੇ- ਹਾਂ ਉਹ ਬੰਦੇ ਜੋ ਸਮਝ ਰਹੇ ਹਨ ਕਿ ਮੌਤ ਅੰਤ ਨਹੀਂ, ਪਰ ਇਹ ਇਕ ਹੋਰ ਜਨਮ ਹੈ, ਇਕ ਕਾਯਾਂ ਪਲਟ ਹੈ, ਹਾਲਤ ਦੀ ਤਬਦੀਲੀ ਹੈ। ਹਾਂ ਬੈਠੇ ਹਨ ਓਹ ਜਿਨ੍ਹਾਂ ਨੇ ਗੁਰੂ-ਮਿਹਰ ਨਾਲ ਸਿਞਾਤਾ ਹੈ ਕਿ ਇਹ ਲੋਕ ਮਦਰੱਸਾ ਹੈ, ਪਾਠਸ਼ਾਲਾ ਹੈ, ਜਿਥੇ ਕੋਈ ਅੰਦਰਲੀ ਜੋਤਿ ਦੀ ਵਿਸ਼ਾਲਤਾਦੀ ਵਿਦਯਾ ਪਾਉਣੀ ਹੈ, ਜਿਥੇ ਰਹਿਕੇ, ਤਜਰਬੇ ਕਰ ਕਰਕੇ, ਵਰਤ ਵਰਤਕੇ, ਹੱਡੀਂ ਵਾਪਰ ਵਪਰਾ ਕੇ ਜਾਚ ਸਿੱਖਣੀ ਹੈ ਕਿ 'ਜੀਅ ਦਾ ਜੀਵਨ' ਕੀਹ ਹੈ। ਹਾਂ, 'ਜੀਅ ਦੇ ਜੀਵਨ' ਦੀ ਜਾਚ ਸਿੱਖਕੇ ਇਸ ਮਾਯਾ ਮੋਹ ਦੇ ਦੇਸ਼ ਵਿਚ ਇਸ ਮਾਦਾ ਪ੍ਰਕ੍ਰਿਤੀ ਜੜਤਾ ਦੇ ਅਖਾੜੇ ਵਿਚ ਘੁਲ ਘੁਲ ਕੇ, ਢਹਿ ਢਹਿਕੇ, ਢਾ ਢਾਕੇ, ਇਸ ਘੋੜ ਦੌੜ ਦੇ ਪਿੜ ਵਿਚ ਡਿੱਗ ਡਿੱਗ ਤੇ ਸਵਾਰ ਹੋ ਹੋ ਕੇ, 'ਸਦਾ ਸਵਾਰ' ਰਹਿਣ ਦੀ ਸ਼ਾਹ ਸਵਾਰੀ ਸਿੱਖਣੀ ਹੈ। ਹਾਂ; ਜੋ ਸਿੱਖ ਰਹੇ ਹਨ ਕਿ ਇਸ ਸਰੀਰ ਵਿਚ ਇਕ ਤਾਂ ਇਹੋ ਸਰੀਰ ਹੈ, ਇਕ ਜਾਨ ਹੈ, ਪਰ ਇਕ ਅੰਸ਼ ਚਾਣਨੇ ਦੀ-ਪ੍ਰਕਾਸ਼ ਦੀ-ਬੀ ਹੈ। ਇਹ ਰਿਸ਼ਮ ਜੋਤਿ ਦੀ ਹੈ, ਇਹ ਕਿਣਕਾ ਸਾਂਈਂ ਦੀ ਜ਼ਾਤ ਦਾ ਚਿਣਗਾਰਾ ਹੈ। ਉਸ ਚਿਣਗਾਰੀ ਨੂੰ ਨਿੱਕਿਆਂ ਨਹੀਂ ਹੋਣ ਦੇਣਾ, ਸੁਆਹ ਨਾਲ ਕਜੀਣ ਨਹੀਂ ਦੇਣਾ, ਉਸ ਨੂੰ ਵਿਸ਼ਾਲ ਹੋਣ ਦੇਣਾ ਹੈ, ਪਾਲਣਾ ਹੈ, ਉੱਚਾ ਵੱਡਾ, ਵਿਸਥਾਰ ਵਾਲਾ ਰੂਪ ਉਸ ਦਾ ਵੇਖਣਾ ਹੈ, ਉਸ ਨੂੰ ਸਾਂਈਂ ਦੀ ਮਹਾਂ ਜਜੋਤਿ ਨਾਲ ਮੇਲਣਾ ਹੈ। ਇਹ ਬੰਦੇ ਸਮਝਦੇ ਹਨ ਕਿ ਇਹ ਜੀਵਨ ਇਸ ਲਈ ਹੈ ਕਿ ਸਾਡੀ ਜਾਨ ਉਸ ਦੀ ਸੇਵਾ ਵਿਚ, ਉੱਨਤੀ ਵਿਚ ਆਪਣਾ ਤਾਣ ਲਾਵੇ। ਹਾਂ, ਇਨਸਾਨ ਦੀ ਜਾਨ 'ਸਰੀਰ' ਤੇ 'ਜੋਤਿ' ਦੇ ਕਿਣਕੇ ਦੇ ਵਿਚਕਾਰ ਖੜੀ ਹੈ। ਜੋਤਿ ਦੀ ਛੁਹ ਨਾਲ ਸਰੀਰ ਤੇ ਜੋਤਿ ਦੇ ਵਿਚਕਾਰ ' ਜਾਨ' ਪੈਦਾ ਹੋਈ ਹੈ। ਇਹ 'ਜਾਨ' ਜੋ ਮਨੁੱਖ ਜਾਮੇ ਵਿਚ ਹੈ ਬੜੀ ਉੱਤਮ ਹੈ, ਇਹ ਜੇ ਸਰੀਰ ਵੱਲ ਤਕਦੀ ਹੈ ਤਾਂ ਮਨੁੱਖ ਪਸ਼ੂ ਹੈ; ਜੇ ਜੋਤਿ ਵੱਲ ਤੱਕਦੀ ਹੈ ਤਾਂ ਮਨੁੱਖ ਦੇਵਤਾ ਹੈ। ਜੇ ਇਹ ਸਰੀਰ ਵਲ ਇੰਨਾਂ ਤੱਕੇ ਕਿ ਇਸ ਨੂੰ ਅਰੋਗ ਰੱਖੇ, ਇਸ ਦੀਆਂ ਜ਼ਰੂਰੀ ਲੋੜਾਂ ਪੂਰਨ ਕਰੇ, ਇਸ ਵਿਚ ਜੋ ਹੁਲਾਰੇ ਤੇ ਮਟਕਾਰੇ ਉਠਦੇ ਹਨ; ਉਹਨਾਂ ਦੀ ਗਿੱਚੀ ਨੂੰ ਝੂਠੇ ਵੈਰਾਗ, ਤਜਾਗ, ਤਪ, ਹਠ ਨਾਲ ਨਾ ਘੁੱਟੇ। ਹਾਂ; ਸਰੀਰ ਦੇ ਹੁਲਾਰੇ ਤੇ ਖਿੜਾਉ ਨੂੰ ਨਾ ਗਵਾਵੇ, ਉਸ ਦੇ ਮਸੂਮ ਰਸਦਾਈ ਖੇੜੇ ਨਾਲ ਗਮਰੁੱਠ ਨਾ ਹੋਵੇ, ਪਰ ਨਿਰੀ ਉਸ ਦੀ ਗੋਲੀ ਹੀ ਨਾ ਹੋ ਜਾਵੇ; ਸਗੋਂ ਉਸ ਦੇ ਹੁਲਾਰੇ ਨੂੰ ਲੈਕੇ ਜੋਤਿ ਵੱਲ ਤੱਕੇ; ਆਪਣੇ ਅੰਦਰ 'ਜੀਅ' ਦੀ ਸਾਰ ਲਵੇ..., ਸਾਰੇ ਸਰੀਰ ਦੇ ਹੁਲਾਸ, ਹੁਲਾਰੇ, ਪੁੰਗਾਰੇ ਤੇ ਖੇੜੇ ਉਸ ਜੀਅ ਦੇ ਜੀਵਨ ਨੂੰ ਰਸ ਭਰੇ ਕਰਣ ਵਾਸਤੇ ਲਗਾਵੇ। ਹਾਂ,

ਅੰਦਰ............

☐ ਸ਼ਹੀਦ ਭਗਤ ਸਿੰਘ 3
☐ ਸੰਤ ਬਿਮਲਾ ਸਿੰਘ: ਕ੍ਰਿਤਾਰਥ ਜੀਵਨ 5
☐ Remembering Bhagat Singh 7
☐ ਰਿਪੋਰਟ: ਯੁਵਾ ਸਾਹਿਤੀ 9
☐ 100 ਸਾਲ ਪਹਿਲਾਂ: ਸ਼੍ਰੋਮਣੀ ਗੁਰਦੁਆਰਾ... 10
☐ ਸ਼ਬਦ ਵਿਆਖਿਆ 11
☐ ਖ਼ਬਰ-ਸਾਰ 12

ਓਹ ਸਾਰੇ ਜਲ ਹੋਣ ਤੇ 'ਜੀਅ ਦੇ ਜੀਵਨ' ਦੀ ਕਿਆਰੀ ਸਿੰਚੀ ਜਾਣ, ਜੋ ਓਹ ਜੀਵਨ ਇਕ ਖੁਸ਼ਬੂਦਾਰ, ਮਹਿਕਾਂ ਮਾਰਨ ਵਾਲਾ, ਖਿੜਿਆ ਚਮਨ ਬਣ ਜਾਵੇ। ਐਉਂ ਜੋਤਿ ਦੇ ਅੰਗੂਰ ਨੂੰ ਲਪਟਾਂ ਮਾਰਦਾ ਬਾਗ਼ ਬਣਾਕੇ ਜਗਤ ਤੋਂ ਟੁਰੇ। ਹਾਂ, ਜੋ ਮੌਤ ਕਹੀਦੀ ਹੈ ਉਹ ਆਤਮ ਜਨਮ ਹੈ, ਉਸ ਨਵੇਂ ਆਤਮ ਜਨਮ ਵਿਚ ਰਾਜ ਪੁਤ੍ਰ ਹੋਕੇ ਸ਼ਹਿਜ਼ਾਦਾ ਹੋਕੇ, ਯੁਵਰਾਜ ਹੋਕੇ ਜੰਮੇ ਤੇ ਫੇਰ ਓਥੇ ਪਾਤਿਸ਼ਾਹੀ ਠਾਠ ਵਿਚ ਸ਼ਾਮਲ ਹੋਵੇ। ਓਥੇ ਕੰਗਾਲ, ਕੀਰ, ਨਿਰਧਨ, ਦੁਆਲੀਆ ਤੇ ਹਾਰਿਆ ਜੁਆਰੀਆ ਹੋ ਕੇ ਨਾ ਅੱਪੜੇ। ਇਸ ਪ੍ਰਕਾਰ ਦੀਆਂ ਸਮਝਾਂ ਜਿਨ੍ਹਾਂ ਦਾਨ ਕੀਤੀਆਂ ਹਨ ਗੁਰੂ ਨਾਨਕ ਨੇ, ਐਸੇ ਜਾਗ ਪਏ ਬੰਦੇ, ਭੁਲੇਵੇਂ ਦੀ ਨੀਂਦ ਤੋਂ ਜਾਗ ਪਏ ਦੁਲਾਰੇ ਇਸ ਅੰਮ੍ਰਿਤ ਵੇਲੇ ਬੈਠੇ ਕੀਰਤਨ ਸੁਣ ਰਹੇ ਤੇ ਅਪਣੇ ਅੰਦਰ ਜੋਤਿ ਦਾ ਅਨੰਦ ਲੈ ਰਹੇ ਹਨ ਰਾਵੀ ਦੇ ਕਿਨਾਰੇ।

ਅਸੀਂ **ਕਹੁ ਕਬੀਰ ਇਹੁ ਰਾਮ ਕੀ ਅੰਸੁ** (੮੭੧) ਤੇ **ਮਨ ਤੂੰ ਜੋਤਿ ਸਰੂਪੁ ਹੈ** (੪੪੧) ਦੇ ਵਾਕਾਂ ਅਨੁਸਾਰ ਇਸ ਸਰੀਰ ਇਸ ਜਾਨ ਜਿੰਦ ਪ੍ਰਾਣ ਤੋਂ ਸਿਵਾ ਇਕ ਕਿਣਕਾ 'ਜੀਅ' ਦਾ, ਆਤਮਾ ਦਾ, ਜੋਤੀ ਸਰੂਪ ਰਬ ਦੀ ਅੰਸ਼ ਦਾ ਆਪਣੇ ਅੰਦਰ ਰਖਦੇ ਹਾਂ। ਸਰੀਰ ਸਾਡਾ ਪਸ਼ੂ ਸ੍ਰਿਸ਼ਟੀ ਨਾਲ ਸਾਂਝਾ, ਮਾਦੇ ਦਾ, ਪ੍ਰਕ੍ਰਿਤੀ ਦਾ, ਮਾਯਾ ਦਾ ਮੜੋਲਾ ਹੈ। ਜਿੰਦ ਸਾਡੀ ਪਸ਼ੂਆਂ ਵਰਗੀ ਜਿੰਦ ਹੈ, ਕਿਉਂ ਜੋ ਉਸ ਵਿਚ ਪਸ਼ੂ ਬਿਰਤੀ ਪ੍ਰਧਾਨ ਹੈ, ਪਰ ਉਸ ਜਿੰਦ ਵਿਚ ਇਕ ਰਮਜ਼ ਬੁੱਧੀ ਦੀ ਹੈ, ਅਕਲ ਦੀ ਹੈ, ਵੀਚਾਰ ਦੀ ਹੈ। ਇਹ ਬ੍ਰਿਤੀ ਬੁੱਧੀ ਵਾਲੀ ਪਸ਼ੂ ਨਹੀਂ, ਇਹ ਮਨੁੱਖ ਬ੍ਰਿਤੀ ਹੈ। ਹਾਂ, ਉਸ ਵਿਚ ਇਕ ਸੈਨਤ ਸਿੱਧੀ ਦੀ ਹੈ, 'ਦੇਵ ਬੁੱਧੀ' ਯਾ 'ਸੁਧਿ' ਦੀ। ਹਾਂ, ਉਹ 'ਦੇਵ ਬ੍ਰਿਤੀ' ਹੈ ਜੋ ਕਦੇ ਕਦੇ ਅਵਾਜ਼ਾਂ ਦੇ ਦੇਂਦੀ ਹੈ-ਤੂੰ ਪਸ਼ੂ ਨਹੀਂ, ਤੂੰ ਮਨੁੱਖ ਨਹੀਂ **ਮਨ ਤੂੰ ਜੋਤਿ ਸਰੂਪੁ ਹੈ ਅਪਣਾ ਮੂਲੁ ਪਛਾਣ**। (੪੪੧) ਹਾਂ, ਉਹ ਬ੍ਰਿਤੀ ਓਹ ਜੋ ਗੁੰਮ ਗੁੰਮ ਰਹਿੰਦੀ ਹੈ, ਕਦੇ ਕਦੇ ਬਿਨਾਂ ਕਾਰਨ ਤੇ ਕਾਰਜ ਦੇ ਹਿਸਾਬ ਕੀਤਿਆਂ ਚਮਕਾਰੇ ਵਾਂਙੂ ਕੁਛ ਦੱਸ ਦੇਂਦੀ ਹੈ ਤੇ ਉਹ ਸੱਚਾ ਨਿਕਲਦਾ ਹੈ। ਉਹ ਬ੍ਰਿਤੀ (ਸਿਧਿ ਯਾ ਸੁਧਿ) ਦੀ ਸਾਡੀ ਜਿੰਦ ਹੈ, ਉਹ ਸਾਨੂੰ ਪ੍ਰੇਰਦੀ ਰਹਿੰਦੀ ਹੈ 'ਜੀਅ ਦੇ ਜੀਵਨ' ਵੱਲ ਤੇ ਕਦੇ ਕਹਿੰਦੀ ਹੈ: ਚੱਲ 'ਜੀਅ ਦਾਨੁ ਦਾਤਿਆਂ' ਕੋਲ ਤੇ ਮੰਗ ਜੀਵਨ ਕਣੀਂ ਤੇ ਫੇਰ ਦਾਤਾ ਪਰਦਾਨ ਕਰਦਾ ਹੈ ਤੇ ਦੇਂਦਾ ਹੈ ਓਹ ਜਿਸ ਪਰ ਵਾਕ ਹੈ:-

**ਜੀਅਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥**
(ਸੂਹੀ ਮ:੫/੭੪੯)

ਪੜ੍ਹਿਆ ਆਦਮੀ ਅਨਪੜ੍ਹਾਂ ਤੋਂ ਉੱਚਾ ਹੈ ਸਿਆਣਾ ਹੈ, ਪਰ ਜੇ ਅੰਦਰੋਂ ਪਸ਼ੂ ਬ੍ਰਿਤੀ ਦੇ ਵੱਸ ਵਿਚ ਹੈ ਤਾਂ, ਓਹ ਕਿੰਨੀਆਂ ਚਤੁਰਾਈਆਂ ਕਰੇ, ਰੱਬ ਨੂੰ ਪਰਮਾਰਥ ਨੂੰ, ਉੱਚੇ ਜੀਵਨ ਨੂੰ, ਜੀਅ ਦੇ ਜੀਵਨ ਨੂੰ ਟਿਚਕਰਾਂ ਕਰੇ, ਮਖ਼ੌਲ ਕਰੇ, ਆਪ ਚੰਗਾ ਬਣ ਬਣ ਬਹੇ, ਉਹ ਮੂਰਖ ਹੈ, ਉਸ ਦੀ ਅਕਲ ਨੇ ਜਿਵੇਂ ਸੁਰਤ ਤੋਂ ਤ੍ਰਕੀ ਕਰਕੇ ਮਤ, ਮਨ ਤੇ ਬੁੱਧੀ ਤੱਕ ਉਨਤੀ ਕੀਤੀ ਹੈ, ਹੁਣ ਉਸ ਦੀ ਤਰੱਕੀ ਅਗਲੀ ਮੰਜ਼ਲ 'ਸੁਧਿ' ਸੀ, ਨਾ ਕਿ ਉਹ ਬੁੱਧੀ ਮੰਡਲ ਵਿਚ-ਉਰੇ ਉਰੇ ਹੀ ਅਟਕ ਕੇ-ਅਪਣੀ ਤਰੱਕੀ ਦੇ ਰਾਹ ਵਿਚ ਆਪ ਵੱਟੇ ਪਾਵੇ ਤੇ ਆਖੇ:- 'ਅੱਗੇ ਕੁਛ ਨਹੀਂ, ਬਸ ਇਹੋ ਜਗ ਮਿੱਠਾ ਜੇ, ਅਗਲਾ ਮੇਰੇ ਮਨ ਦੇ ਹੱਥਯਾਰਾਂ-ਅੱਖਾਂ-ਨੇ ਨਹੀਂ ਡਿੱਠਾ, ਇਸ ਕਰਕੇ ਹੈ ਹੀ ਨਹੀਂ ਜੇ'। ਇਉਂ ਕੂਕੇ ਤੇ ਜੀਵਨ ਬਸਰ ਕਰੇ ਲਬ ਲੋਭ ਹੰਕਾਰ ਦਾ, ਉਹ ਪੜ੍ਹਿਆ ਸਤਿਗੁਰ ਨੇ ਮੂਰਖ ਆਖਿਆ ਹੈ। ਜੋ ਮਤਿ ਕਿ ਪਸ਼ੂ ਵਿਚ ਵਸਦੀ ਹੈ, ਕਿ ਜਿਸ ਵਿਚ ਕਾਰਨ ਕਾਰਜ ਨੂੰ ਸਮਝਣਾ, ਦਲੀਲ ਕਰ ਸੱਕਣੀ ਨਹੀਂ ਹੁੰਦਾ, ਜਿਸ ਦੀ ਮਤਿ ਨਹੀਂ ਸਮਝਦੀ ਕਿ 'ਕਿਉਂ ਫਲਾਣੀ ਗੱਲ ਹੋਈ' ਤੇ 'ਕਿਉਂ' ਦੀ ਖੋਜ ਨਹੀਂ ਕਰ ਸਕਦੀ। ਉਹ ਮਤਿ ਜੇ ਇਨਸਾਨੀ ਅਕਲ ਬਨ ਜਾਵੇ ਤਾਂ ਕੇਡੀ ਤ੍ਰੱਕੀ ਦੀ ਗੱਲ ਹੈ? ਜਿਵੇਂ ਦੇਖੋ ਇਕ ਬਨ ਵਿਚ ਸਿਆਲ ਦੀ ਰੁੱਤੇ ਕੁਛ ਆਦਮੀ ਅੱਗ ਬਾਲ ਕੇ ਸੇਕਦੇ ਸਵੇਰੇ ਉਠਕੇ ਟੁਰ ਗਏ। ਦੂਰ ਬ੍ਰਿਛਾਂ ਤੇ ਬੈਠੇ ਬਾਂਦਰ ਦੇਖਦੇ ਰਹੇ, ਲਕੜਾਂ ਪਾਉਂਦਿਆਂ, ਸੇਕਦਿਆਂ, ਫੂਕਾਂ ਮਾਰਦਿਆਂ ਤੱਕਦੇ ਰਹੇ, ਪਰ ਸਮਝ ਨਾ ਸਕੇ ਕਿ ਅੱਗ 'ਕਿਉਂ' ਯਾ 'ਕਿਵੇਂ' ਬਲਦੀ ਹੈ। ਜਦ ਮਨੁੱਖ ਚਲੇ ਗਏ, ਬਾਂਦਰ ਅੱਗ ਕੋਲ ਆ ਕੇ ਢਾਣੀ ਲਾ ਕੇ ਅੱਗ ਸੇਕਦੇ ਰਹੇ ਪਰ ਅੱਗ ਬਲ ਬਲ ਕੇ ਹਿਸ ਗਈ, ਬੁਝ ਗਈ, ਲੱਕੜਾਂ ਕੋਲ ਪਈਆਂ ਰਹੀਆਂ। ਬਾਂਦਰ ਅੱਗ ਵਿਚ ਲਕੜਾਂ ਪਾ ਕੇ ਅੱਗ ਜਾਰੀ ਨਹੀਂ ਰੱਖ ਸਕੇ, ਕਿਉਂਕਿ ਬਾਂਦਰ ਦੇ ਮਨ ਵਿਚ ਮਤਿ ਤਾਂ ਹੈ ਪਰ ਬੁੱਧੀ ਨਹੀਂ ਹੈ। ਹੁਣ ਇਨ੍ਹਾਂ ਬਾਂਦਰਾਂ ਨੂੰ ਜੇ ਬੁੱਧੀ ਮਿਲੇ ਤਾਂ ਕਿੰਨੀ ਤਰੱਕੀ ਦੀ ਬਾਤ ਹੈ। ਤਿਵੇਂ ਸਮਝ ਲਓ ਮਨੁੱਖ, ਜੋ ਬੁਧੀ ਦਾ ਮਾਲਕ ਹੈ ਪਸ਼ੂਆਂ ਤੋਂ ਉਚਾ ਹੈ, ਪਰ ਉਸ ਦੀ ਬੁਧੀ ਬੀ ਇਕ ਹੱਦ ਬੰਨੇ ਵਾਲੀ ਸ਼ੈ ਹੈ। ਕਾਰਨ ਕਾਰਜ ਦੇ ਸਿਲਸਿਲੇ ਵਿਚਾਰੇ ਬਿਨਾਂ, ਇਕੋ ਤਰ੍ਹਾਂ ਦੇ ਵਾਕਯਾਤ, ਇਕੋ ਹਾਲਾਤ ਦੇ ਮੁਸ਼ਾਹਿਦੇ (ਅਵਿਲੋਕਨ) ਕੀਤੇ ਬਿਨਾਂ ਓਹ ਨਤੀਜਿਆਂ ਤੇ ਨਹੀਂ ਅਪੜਦਾ। ਪੰਜ ਇੰਦ੍ਰੇ ਉਸ ਦੇ ਹੱਥਯਾਰ ਹਨ, ਇਨ੍ਹਾਂ ਦੀ ਤਾਕਤ ਤੋਂ ਪਰੇ ਦੀ ਖੋਜ ਨਹੀਂ ਕੱਢ ਸਕਦਾ। ਉਸ ਦੀ ਬੁੱਧੀ 'ਜੀਵਨ ਵਿਚ ਸੁੱਖਾਂ ਤੇ ਲੋੜਾਂ ਦੀ ਪ੍ਰਾਪਤੀ ਦਾ' ਸੰਦ ਹੈ, ਹੱਥਯਾਰ ਹੈ; ਪਰ ਇਸ ਤੋਂ ਅੱਗੇ 'ਸੁਧਿ' ਹੈ, ਜਿਸ ਦੀ ਰਮਜ਼ ਬੀ ਇਨਸਾਨ ਵਿਚ ਹੈ। ਇਹ ਕਦੇ ਕਦੇ ਆਪਣਾ ਚਮਕਾਰ ਮਾਰਦੀ ਹੈ। ਪਰ ਇਨਸਾਨ ਇਸ ਨੂੰ ਪਕੜਦਾ, ਖੋਜਦਾ ਤੇ ਇਸ ਵਿਚ ਆਪੇ ਨੂੰ ਇਕਾਗ੍ਰ ਕਰਕੇ ਨਹੀਂ ਪਾਉਂਦਾ ਜੋ ਇਹ ਇਕ ਜੀਉਂਦੀ ਜ਼ਬਰਦਸਤ ਤਾਕਤ ਹੋਕੇ ਅੰਦਰ ਸੂਰਜ ਵਾਂਙੂ ਰੌਸ਼ਨ ਹੋ ਜਾਵੇ। ਇਨਸਾਨ ਦੀ ਅਗਲੀ ਤਰੱਕੀ ਦਾ ਡੰਡਾ ਇਹੋ ਹੈ। ਇਸ ਪਾਸੇ ਵਲੋਂ ਮੂੰਹ ਮੋੜਕੇ ਬੁੱਧੀ ਮੰਡਲ ਵਿਚ ਹੀ ਬੈਠਕੇ ਕਈ ਆਦਮੀ ਜੀਵਨ ਬਿਤਾ ਜਾਂਦੇ ਹਨ, ਪਰ ਸ਼ੋਕ ਹੈ ਹੈ ਕਿ ਕਈ ਬੁੱਧੀ ਨੂੰ ਵਿੱਦਯਾ ਵਿਗਯਾਨ ਦੀ ਸਾਣ ਤੇ ਚਾੜ੍ਹਕੇ ਅਤਿ ਤ੍ਰਿੱਖਾ ਕਰਕੇ ਫੇਰ ਪਸ਼ੂ ਬ੍ਰਿਤੀ ਵਿਚ ਹੀ ਦਿਨ ਬਿਤਾਉਂਦੇ ਹਨ ਤੇ ਸਰੀਰਕ ਭੁੱਖਾਂ ਲੋੜਾਂ ਤੇ ਤ੍ਰਿਸ਼ਨਾਂ ਦੇ ਪੂਰਨ ਵਿਚ ਹੀ ਸਾਰਾ ਬਲ ਬੁੱਧ ਖਰਚਦੇ ਹਨ, ਤੇ ਸਿਧਿ ਦੀ ਪ੍ਰਾਪਤੀ-ਅਗਲੀ ਤਰੱਕੀ ਨੂੰ ਟਿਚਕਰਾਂ ਕਰਦੇ ਹਨ। ਐਸੇ ਜੀਵਨ ਦੇਖਕੇ ਸਤਿਗੁਰ ਨੇ ਆਖਿਆ ਸੀ:-

**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ॥**
(ਵਾਰ ਮਾਝ ਮ: ੧, ਅੰਗ-੧੪੦)

- **ਗੁਰੂ ਨਾਨਕ ਚਮਤਕਾਰ**, ਭਾਗ ੧, ਅਧਿ-੫੦

✧ ✧ ✧ ✧ ✧

# ਨੌਜਵਾਨ ਪੀੜ੍ਹੀ ਦਾ ਨਾਇਕ 'ਸ਼ਹੀਦ ਭਗਤ ਸਿੰਘ'

❖ ਕਰਮਜੀਤ ਕੌਰ*

ਸ਼ਹੀਦੇ-ਏ-ਆਜ਼ਮ ਭਗਤ ਸਿੰਘ ਸਾਡੇ ਮੁਲਕ ਦੀ ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਅਤੇ ਪ੍ਰੇਰਨਾ ਦੇਣ ਵਾਲੀ ਉੱਘੀ ਸ਼ਖ਼ਸੀਅਤ ਦੇ ਰੂਪ ਵਿੱਚ ਉਕਰੇ ਹੋਏ ਹਨ। ਭਗਤ ਸਿੰਘ ਸਾਡੇ ਲਈ ਕੋਈ ਵਿਅਕਤੀ ਵਿਸ਼ੇਸ਼ ਨਾ ਹੋ ਕੇ 'ਸੋਚ' ਦਾ ਨਾਮ ਬਣ ਗਿਆ ਹੈ। ਉਹਨਾਂ ਦਾ ਜਨਮ 28 ਸਤੰਬਰ 1907 ਨੂੰ ਚੱਕ ਨੰਬਰ 105, ਬੰਗਾ ਤਹਿਸੀਲ ਜੜ੍ਹਾਂਵਾਲੀ, ਜ਼ਿਲ੍ਹਾ ਲਾਇਲਪੁਰ (ਹੁਣ ਫੈਸਲਾਬਾਦ) ਪਾਕਿਸਤਾਨ ਵਿਚ ਦੇਸ਼ ਭਗਤ ਪਰਿਵਾਰ ਵਿਚ ਉਸ ਸਮੇਂ ਹੋਇਆ ਜਦੋਂ ਅੰਗਰੇਜ਼ ਭਾਰਤ ਵਿੱਚ ਜ਼ੁਲਮ ਹੇਠ ਪਰਜਾ ਨੂੰ ਦਬਾ ਰਹੇ ਸਨ। ਉਸਦਾ ਅਸਲੀ ਪਿੰਡ ਖਟਕੜ ਕਲਾਂ, ਜ਼ਿਲ੍ਹਾ ਜਲੰਧਰ (ਹੁਣ ਨਵਾਂ ਸ਼ਹਿਰ) ਸੀ। ਉਹ ਇਕ ਦੇਸ਼ ਭਗਤ ਪਰਿਵਾਰ ਵਿਚੋਂ ਸੀ। ਉਸ ਦਾ ਚਾਚਾ ਅਜੀਤ ਸਿੰਘ ਲਾਜਪਤ ਰਾਏ ਨਾਲ ਮਿਲ ਕੇ ਜ਼ਮੀਨੀ ਮਾਲੀਏ ਅਤੇ ਨਹਿਰੀ ਕਰਾਂ ਵਿਚ ਵਾਧੇ ਵਿਰੁੱਧ ਸ਼ਕਤੀਸ਼ਾਲੀ ਕਿਸਾਨ ਘੋਲ ਦੀ ਅਗਵਾਈ ਕਰਨ ਕਰਕੇ ਅੰਗਰੇਜ਼ਾਂ ਵੱਲੋਂ ਬਰਮਾਂ ਦੀ ਮਾਂਡਲੇ ਜੇਲ੍ਹ ਵਿਚ ਜਲਾਵਤਨ ਕਰ ਦਿੱਤਾ ਗਿਆ ਸੀ। ਭਗਤ ਸਿੰਘ ਦੇ ਜਨਮ ਵੇਲੇ ਉਸ ਦੇ ਪਿਤਾ ਕਿਸ਼ਨ ਸਿੰਘ ਅਤੇ ਚਾਚਾ ਸਵਰਨ ਸਿੰਘ ਰਾਸ਼ਟਰਵਾਦੀ ਸਰਗਰਮੀਆਂ ਕਾਰਨ ਜੇਲ੍ਹ ਵਿਚ ਸਨ ਤੇ ਛੇਤੀ ਹੀ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਭਗਤ ਸਿੰਘ ਨੂੰ ਸੰਘਰਸ਼ ਅਤੇ ਲੋਕਾਂ ਦੇ ਹੱਕ ਲਈ ਆਵਾਜ਼ ਬੁਲੰਦ ਕਰਨ ਵਾਲਾ ਸਿਦਕ ਵਿਰਸੇ ਵਿਚੋਂ ਹਾਸਲ ਹੋਇਆ।

ਜਦੋਂ ਭਗਤ ਸਿੰਘ ਸਕੂਲ ਵਿਚ ਪੜ੍ਹਦਾ ਸੀ, ਉਸ ਸਮੇਂ 16 ਅਤੇ 17 ਨਵੰਬਰ 1916 ਨੂੰ ਅੰਗਰੇਜ਼ਾਂ ਵੱਲੋਂ ਸੱਤ ਗ਼ਦਰੀਆਂ ਨੂੰ ਲਾਹੌਰ ਸਾਜਿਸ਼ ਕੇਸ ਵਿਚ ਫਾਂਸੀ ਦੇਣ ਕਾਰਨ ਸਾਰਾ ਪੰਜਾਬ ਹਿੱਲ ਗਿਆ ਸੀ। ਉਹਨਾਂ ਵਿਚੋਂ ਪੰਜਾਬ ਦਾ ਕਰਤਾਰ ਸਿੰਘ ਸਰਾਭਾ ਅਤੇ ਮਹਾਰਾਸ਼ਟਰ ਦਾ ਵਿਸ਼ਨੂੰ ਗਣੇਸ਼ ਪਿੰਗਲੇ ਪ੍ਰਮੁੱਖ ਸਨ। ਕਰਤਾਰ ਸਿੰਘ ਸਰਾਭੇ ਦੀ ਬਹਾਦਰੀ ਭਰੀ ਗਾਥਾ ਨੇ, ਜੋ ਕਿ ਫਾਂਸੀ ਚੜ੍ਹਨ ਵੇਲੇ ਸਿਰਫ਼ 19 ਸਾਲਾਂ ਦਾ ਸੀ, ਭਗਤ ਸਿੰਘ ਉਪਰ ਡੂੰਘਾ ਪ੍ਰਭਾਵ ਪਾਇਆ। ਸਰਾਭੇ ਦੇ ਆਖਰੀ ਸ਼ਬਦ ਸਨ "ਮੇਰੀ ਇਕੋ ਇਕ ਇੱਛਾ ਆਪਣੇ ਦੇਸ਼ ਨੂੰ ਆਜ਼ਾਦ ਦੇਖਣਾ ਹੈ। ਮੈਂ ਜੋ ਕੁਝ ਵੀ ਕੀਤਾ ਹੈ, ਉਸ ਦਾ ਇਹੀ ਨਿਸ਼ਾਨਾ ਸੀ। ਮੈਂ ਕਦੇ ਵੀ ਕੋਈ ਕੰਮ ਕਿਸੇ ਵਿਅਕਤੀ, ਕੌਮ, ਧਰਮ ਜਾਂ ਨਸਲ ਨਾਲ ਨਫ਼ਰਤ ਕਾਰਨ ਨਹੀਂ ਕੀਤਾ, ਮੈਂ ਇਕੋ ਚੀਜ਼ ਚਾਹੁੰਦਾ ਹਾਂ - ਆਜ਼ਾਦੀ। ਇਹੀ ਮੇਰਾ ਇਕੋ ਇਕ ਸੁਪਨਾ ਹੈ। ਜੇਕਰ ਮੇਰੇ ਕੋਲ ਇਕ ਤੋਂ ਜ਼ਿਆਦਾ ਜ਼ਿੰਦਗੀਆਂ ਹੁੰਦੀਆਂ ਮੈਂ ਉਹਨਾਂ ਸਾਰੀਆਂ ਨੂੰ ਆਪਣੇ ਦੇਸ਼ ਲਈ ਵਾਰ ਦਿੰਦਾ।"

ਸ਼ਹੀਦ ਭਗਤ ਸਿੰਘ ਕਰਤਾਰ ਸਿੰਘ ਸਰਾਭੇ ਨੂੰ ਆਪਣਾ ਆਦਰਸ਼ (ਆਇਕਨ) ਮੰਨਦਾ ਸੀ, ਉਹ ਆਪਣੀ ਜੇਬ ਵਿੱਚ ਹਰ ਸਮੇਂ ਸਰਾਭੇ ਦੀ ਫੋਟੋ ਰੱਖਦਾ ਸੀ। ਉਸ ਨੇ ਕਰਤਾਰ ਸਿੰਘ ਸਰਾਭੇ ਅਤੇ ਦੂਜੇ ਗ਼ਦਰੀ ਯੋਧਿਆਂ ਬਾਰੇ ਹਿਲਾ ਦੇਣ ਵਾਲੇ ਲੇਖ ਲਿਖੇ। 13 ਅਪ੍ਰੈਲ, 1919 ਨੂੰ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਨੇ ਭਗਤ ਸਿੰਘ ਉਪਰ ਬਹੁਤ ਡੂੰਘਾ ਪ੍ਰਭਾਵ ਪਾਇਆ। ਅੰਮ੍ਰਿਤਸਰ ਦੇ ਕਸਾਈ ਜਨਰਲ ਡਾਇਰ ਨੇ ਦਸ ਹਜ਼ਾਰ ਨਿਹੱਥੇ ਲੋਕ ਜੋ ਕਿ ਇਕ ਜਨਤਕ ਜਲਸੇ ਲਈ ਇਕੱਠੇ ਹੋਏ ਸਨ, ਉਪਰ ਗੋਲੀਆਂ ਚਲਾਈਆਂ, ਜਿਸ ਨਾਲ ਹਜ਼ਾਰਾਂ ਲੋਕ ਮਾਰੇ ਗਏ ਅਤੇ ਹਜ਼ਾਰਾਂ ਲੋਕ ਜ਼ਖ਼ਮੀ ਹੋਏ। ਉਸ ਸਮੇਂ ਭਗਤ ਸਿੰਘ ਕੇਵਲ 12 ਸਾਲਾਂ ਦਾ ਸੀ। ਇਹ ਲਿਖਤੀ ਪ੍ਰਮਾਣ ਹੈ ਕਿ ਉਹ ਉਸ ਸਮੇਂ ਜਲ੍ਹਿਆਂ ਵਾਲੇ ਬਾਗ਼ ਗਿਆ ਅਤੇ ਉਥੋਂ ਦੀ ਮਿੱਟੀ ਇਕ ਬੋਤਲ ਵਿਚ ਪਾ ਲਈ ਅਤੇ ਇਸਨੂੰ ਭਾਰਤੀ ਲੋਕਾਂ ਵੱਲੋਂ ਝੱਲੇ ਗਏ ਕਸ਼ਟ ਅਤੇ ਦਮਨ ਦੀ ਪੱਕੀ ਯਾਦ ਵਜੋਂ ਸੰਭਾਲ ਲਿਆ।

ਜਦੋਂ 1920 ਵਿਚ ਨਾ-ਮਿਲਵਰਤਣ ਲਹਿਰ ਚੱਲੀ, ਉਦੋਂ ਭਗਤ ਸਿੰਘ ਡੀ.ਏ.ਵੀ. ਸਕੂਲ ਛੱਡ ਕੇ ਲਾਲਾ ਲਾਜਪਤ ਰਾਏ ਅਤੇ ਭਾਈ ਪਰਮਾਨੰਦ ਵਲੋਂ ਚਲਾਏ ਨੈਸ਼ਨਲ ਕਾਲਜ ਵਿਚ ਦਾਖਲ ਹੋ ਗਿਆ ਸੀ। ਭਗਵਤੀ ਚਰਨ ਵੋਹਰਾ, ਸੁਖਦੇਵ ਅਤੇ ਯਸ਼ਪਾਲ ਭਗਤ ਸਿੰਘ ਦੇ ਕਾਲਜ ਦੇ ਮਿੱਤਰ ਸਨ। ਉਹ ਪੜ੍ਹਾਈ ਅਤੇ ਰਾਜਨੀਤੀ ਦੋਹਾਂ ਵਿਚ ਦਿਲਚਸਪੀ ਲੈਂਦਾ ਸੀ। ਉਹ ਦੇਸ਼ ਭਗਤੀ ਦੇ ਗੀਤ ਗਾਉਣ ਦਾ ਸ਼ੁਕੀਨ ਸੀ ਅਤੇ ਕਾਲਜ ਦੇ ਨਾਟਕ ਕਲੱਬ ਵਿਚ ਵੀ ਹਿੱਸਾ ਲੈਂਦਾ ਸੀ। 1924 ਵਿਚ ਉਹ ਬੀ.ਏ. ਦੀ ਪੜ੍ਹਾਈ ਵਿਚਾਲੇ ਛੱਡ ਕੇ ਲਾਹੌਰ ਚਲਾ ਗਿਆ, ਕਿਉਂਕਿ ਉਸਦੇ ਪਿਤਾ ਅਤੇ ਦਾਦੀ ਜੀ ਉਸਨੂੰ ਵਿਆਹ ਕਰਵਾਉਣ ਲਈ ਜ਼ੋਰ ਪਾ ਰਹੇ ਸਨ। ਉਸਨੇ ਆਪਣੇ ਪਿਤਾ ਜੀ ਨੂੰ ਲਿਖਿਆ, "ਇਹ ਮੇਰੇ ਵਿਆਹ ਦਾ ਸਮਾਂ ਨਹੀਂ ਹੈ। ਮੈਨੂੰ ਦੇਸ਼ ਬੁਲਾ ਰਿਹਾ ਹੈ। ਮੈਂ ਆਪਣੇ ਦੇਸ਼ ਦੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦੀ ਕਸਮ ਖਾ ਚੁੱਕਾ ਹਾਂ।" ਜਦੋਂ ਉਸਦੇ ਪਿਤਾ ਜੀ ਨੇ ਜ਼ਿੱਦ ਜਾਰੀ ਰੱਖੀ ਤਾਂ ਭਗਤ ਸਿੰਘ ਨੇ ਦੁਬਾਰਾ ਜਵਾਬ ਵਿਚ ਲਿਖਿਆ, "ਤੁਸੀਂ ਦਾਦੀ ਜੀ ਦੀ ਦੇਖ-ਭਾਲ ਕਰਦੇ ਹੋ ਪਰੰਤੂ ਸਾਡੀ 33 ਕਰੋੜ ਲੋਕਾਂ ਦੀ ਮਾਂ-'ਭਾਰਤ ਮਾਤਾ' ਕਿੰਨੀ ਮੁਸੀਬਤ ਵਿਚ ਹੈ। ਸਾਨੂੰ ਉਸ ਲਈ ਹਰ ਚੀਜ਼ ਦੀ ਕੁਰਬਾਨੀ ਦੇਣੀ ਪਵੇਗੀ।" ਉਹ ਲਾਹੌਰ ਤੋਂ ਕਾਨਪੁਰ ਚਲਾ ਗਿਆ।

ਕਾਨਪੁਰ ਜਾ ਕੇ ਭਗਤ ਸਿੰਘ ਆਪਣੇ ਪਿਤਾ ਜੀ ਦੇ ਮਿੱਤਰ, ਪ੍ਰਮੁੱਖ ਕਾਂਗਰਸੀ ਆਗੂ ਅਤੇ **ਪਰਤਾਪ** ਅਖ਼ਬਾਰ ਦੇ ਸੰਪਾਦਕ ਗਣੇਸ਼ ਸ਼ੰਕਰ ਵਿਦਿਆਰਥੀ ਕੋਲ ਗਿਆ। ਭਾਵੇਂ ਵਿਦਿਆਰਥੀ ਆਪ ਗਾਂਧੀਵਾਦੀ ਸੀ ਪਰ ਉਸਦਾ ਘਰ ਸਮਾਜਵਾਦੀਆਂ, ਕਮਿਊਨਿਸਟਾਂ ਅਤੇ ਕ੍ਰਾਂਤੀਕਾਰੀਆਂ ਦਾ ਮਿਲਣ ਸਥਾਨ ਸੀ। ਇਹੀ ਥਾਂ ਸੀ ਜਿਥੇ ਭਗਤ ਸਿੰਘ, ਚੰਦਰ ਸ਼ੇਖ਼ਰ ਆਜ਼ਾਦ, ਬੁਟਕੇਸ਼ਵਰ ਦੱਤ, ਯੋਗੇਸ਼ ਚੰਦਰ ਚੈਟਰਜੀ, ਸ਼ਿਵ ਵਰਮਾ, ਵਿਜੈ ਕੁਮਾਰ ਸਿਨਹਾ ਅਤੇ ਹੋਰ ਕਈਆਂ ਨੂੰ

ਮਿਲਿਆ ਸੀ। ਕਾਨਪੁਰ ਵਿਚ ਉਸਨੇ ਆਪਣਾ ਅਧਿਐਨ ਜਾਰੀ ਰੱਖਿਆ। ਕਾਰਲ ਮਾਰਕਸ ਦੀ ਰਚਨਾ **ਕੈਪੀਟਲ** ਉਸਨੇ ਇਥੇ ਹੀ ਪੜ੍ਹੀ। ਉਸਨੇ ਰਾਸ਼ਟਰਵਾਦੀ ਅਤੇ ਇਨਕਲਾਬੀ ਦੁਵਰਕੇ ਲਿਖੇ ਅਤੇ ਲੋਕਾਂ 'ਚ ਵੰਡੇ। ਕਾਨਪੁਰ ਵਿਖੇ ਆਪਣੇ ਛੇ ਮਹੀਨਿਆਂ ਦੇ ਠਹਿਰਾਅ ਦੌਰਾਨ ਉਹ ਹਿੰਦੁਸਤਾਨੀ ਰਿਪਬਲਿਕ ਐਸੋਸੀਏਸ਼ਨ (ਐਚ.ਆਰ.ਏ.) ਵਿਚ ਸ਼ਾਮਲ ਹੋ ਗਿਆ।

1925 ਈ. ਦੇ ਸ਼ੁਰੂ ਵਿਚ ਜਦੋਂ ਭਗਤ ਸਿੰਘ ਦੇ ਪਿਤਾ ਜੀ ਨੇ ਇਹ ਯਕੀਨ ਦਿਵਾਇਆ ਕਿ ਉਸਦੀ ਇੱਛਾ ਦੇ ਵਿਰੁੱਧ ਉਸਦਾ ਵਿਆਹ ਨਹੀਂ ਕੀਤਾ ਜਾਵੇਗਾ, ਤਾਂ ਉਹ ਵਾਪਸ ਲਾਹੌਰ ਚਲਾ ਗਿਆ ਸੀ। ਉਸਨੇ ਰਾਜਨੀਤਿਕ ਕੰਮ ਸ਼ੁਰੂ ਕਰ ਦਿੱਤਾ ਸੀ ਅਤੇ ਐਚ.ਆਰ.ਏ. ਦੀ ਲਾਹੌਰ ਇਕਾਈ ਸਥਾਪਤ ਕਰ ਲਈ ਸੀ ਪਰ ਗ੍ਰਿਫਤਾਰੀ ਤੋਂ ਬਚਣ ਲਈ 1925 ਵਿਚ ਉਸਨੂੰ ਦਿੱਲੀ ਜਾਣਾ ਪਿਆ ਸੀ। ਦਿੱਲੀ ਵਿੱਚ ਉਸ ਨੇ ਰੋਜ਼ਾਨਾ **ਵੀਰ ਅਰਜਨ** ਵਿਚ ਕੰਮ ਕੀਤਾ। ਉਹ ਕਾਕੋਰੀ ਕਾਂਡ ਦੇ ਕੈਦੀਆਂ ਨੂੰ ਮੁਕਤ ਕਰਾਉਣ ਦੀਆਂ ਅਸਫਲ ਰਹੀਆਂ ਕੋਸ਼ਿਸ਼ਾਂ ਵਿਚ ਭਾਗ ਲੈਣ ਲਈ ਕਾਨਪੁਰ ਚਲਿਆ ਗਿਆ ਅਤੇ ਜਲਦੀ ਹੀ ਲਾਹੌਰ ਵਾਪਸ ਆ ਗਿਆ। ਇਥੇ ਭਗਤ ਸਿੰਘ ਨੇ ਭਗਵਤੀ ਚਰਨ ਵੋਹਰਾ, ਸੁਖਦੇਵ ਅਤੇ ਰਾਮ ਕਿਸ਼ਨ ਨਾਲ ਮਿਲ ਕੇ ਮਾਰਚ 1926 ਵਿਚ ਇਕ ਖਾੜਕੂ ਨੌਜਵਾਨ ਸਭਾ ਬਣਾਉਣ ਵਿਚ ਆਗੂ ਭੂਮਿਕਾ ਨਿਭਾਈ। ਇਸ ਦਾ ਨਾਂ 'ਨੌਜਵਾਨ ਭਾਰਤ ਸਭਾ' ਰੱਖਿਆ। ਰਾਮ ਕਿਸ਼ਨ ਨੂੰ ਇਸਦਾ ਪ੍ਰਧਾਨ ਅਤੇ ਭਗਤ ਸਿੰਘ ਨੂੰ ਸਕੱਤਰ ਚੁਣਿਆ ਗਿਆ। ਇਸ ਵਿਚ ਸੈਫਉਦੀਨ ਕਿਚਲੂ, ਸੱਤਪਾਲ, ਮੀਰ ਅਬਦੁਲ ਮਜੀਦ, ਸਰਦੂਲ ਸਿੰਘ ਕਵੀਸ਼ਰ ਅਤੇ ਕਵੀ ਲਾਲ ਚੰਦ ਫਲਕ ਵੀ ਸ਼ਾਮਲ ਸਨ। 'ਨੌਜਵਾਨ ਭਾਰਤ ਸਭਾ' ਦੀ ਨੌਜਵਾਨਾਂ, ਕਿਸਾਨਾਂ ਅਤੇ ਕਾਮਿਆਂ ਵਿਚ ਰਾਜਨੀਤਿਕ ਕੰਮ ਕਰਨ ਲਈ ਇਨਕਲਾਬੀਆਂ ਦੀ ਇਕ ਖੁੱਲ੍ਹੀ ਜਥੇਬੰਦੀ ਦੇ ਤੌਰ 'ਤੇ ਸਥਾਪਨਾ ਭਗਤ ਸਿੰਘ ਦੇ ਰਾਜਨੀਤਿਕ ਅਤੇ ਵਿਚਾਰਧਾਰਕ ਸਫ਼ਰ ਵਿਚ ਇਕ ਮਹੱਤਵਪੂਰਨ ਕਦਮ ਸੀ। ਵਿਸ਼ਾਲ ਆਧਾਰ ਵਾਲੀਆਂ ਹਰਮਨ ਪਿਆਰੀਆਂ ਲੋਕ ਲਹਿਰਾਂ ਹੀ ਇਕ ਸਫ਼ਲ ਇਨਕਲਾਬ ਵੱਲ ਲਿਜਾ ਸਕਦੀਆਂ ਹਨ। ਇਸ ਵਿਸ਼ਾਲ ਪਹੁੰਚ ਦੀ ਝਲਕ ਨੌਜਵਾਨ ਭਾਰਤ ਸਭਾ ਦੇ ਆਸ਼ੇ ਅਤੇ ਮੈਨੀਫੈਸਟੋ ਵਿਚ ਦਿਖਾਈ ਦਿੰਦੀ ਹੈ। ਨੌਜਵਾਨ ਭਾਰਤ ਸਭਾ ਨੇ ਜਲਦੀ ਹੀ ਆਪਣੀਆਂ ਸ਼ਾਖਾਵਾਂ ਲਾਹੌਰ, ਅੰਮ੍ਰਿਤਸਰ ਅਤੇ ਪੰਜਾਬ ਦੇ ਦੂਜੇ ਸ਼ਹਿਰਾਂ ਵਿਚ ਖੋਲ ਦਿੱਤੀਆਂ। ਉਸ ਪਿੱਛੋਂ ਨਾਲ ਹੀ ਪੇਸ਼ਾਵਰ ਅਤੇ ਕਰਾਚੀ ਵਿੱਚ ਵੀ ਖੋਲ੍ਹ ਦਿੱਤੀਆਂ। ਭਗਤ ਸਿੰਘ ਤੇ ਉਸਦੇ ਸਾਥੀ ਨੌਜਵਾਨ ਭਾਰਤ ਸਭਾ ਦੀਆਂ ਮੀਟਿੰਗਾਂ ਵਿਚ ਕ੍ਰਾਂਤੀਕਾਰੀ ਸ਼ਹੀਦਾਂ ਦੇ ਜੀਵਨ ਬਾਰੇ ਪ੍ਰੇਰਨਾ ਦੇਣ ਵਾਲੇ ਭਾਸ਼ਣ ਦਿੰਦੇ, ਜਿਨ੍ਹਾਂ ਦਾ ਨਿਸ਼ਾਨਾ ਨੌਜਵਾਨਾਂ ਸਾਹਮਣੇ ਬਰਤਾਨਵੀ ਹਕੂਮਤ ਦੀਆਂ ਕਰਤੂਤਾਂ ਦਾ ਪਰਦਾਫਾਸ਼ ਕਰਨਾ ਸੀ। ਭਗਤ ਸਿੰਘ ਅਤੇ ਸੁਖਦੇਵ ਨੇ ਨੌਜਵਾਨ ਭਾਰਤ ਸਭਾ ਦੀ ਸਹਾਇਕ ਜਥੇਬੰਦੀ ਵਜੋਂ ਜੂਨ 1928 ਵਿਚ ਲਾਹੌਰ ਸਟੂਡੈਂਟਸ ਯੂਨੀਅਨ ਵੀ ਬਣਾਈ। ਦੋਵੇਂ ਜਥੇਬੰਦੀਆਂ ਪਿੱਛੋਂ ਹੋਂਦ ਵਿੱਚ ਆਉਣ ਵਾਲੀ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਲਈ ਭਰਤੀ ਲਈ ਆਧਾਰ ਵਜੋਂ ਕੰਮ ਕਰਦੀਆਂ ਸਨ। ਅਗਸਤ 1928 ਵਿਚ ਨੌਜਵਾਨ ਭਾਰਤ ਸਭਾ ਦੇ ਕੁਝ ਗਰਮਖ਼ਿਆਲੀਆਂ ਨੇ ਕਾਂਗਰਸੀਆਂ ਨਾਲ ਮਿਲ ਕੇ 'ਰੂਸ ਦੇ ਮਿੱਤਰਾਂ ਦਾ ਹਫਤਾ' ਮਨਾਇਆ ਅਤੇ ਰੂਸੀ ਕ੍ਰਾਂਤੀ ਦੀ ਵਡਿਆਈ ਕਰਨ ਲਈ ਮੀਟਿੰਗ ਵੀ ਕੀਤੀ। ਐਚ.ਆਰ.ਐਸ.ਏ. ਦੇ ਇਨਕਲਾਬੀ ਅਤੇ ਕਮਿਊਨਿਸਟ ਗਰੁੱਪ 1928-30 ਤੋਂ ਇਕੱਠੇ ਨੌਜਵਾਨ ਭਾਰਤ ਸਭਾ ਵਿਚ ਕੰਮ ਕਰਦੇ ਸਨ। ਭਗਤ ਸਿੰਘ ਦੀ ਗ੍ਰਿਫਤਾਰੀ ਤੋਂ ਇਕ ਸਾਲ ਪਿੱਛੋਂ ਮਈ 1930 ਨੂੰ ਅੰਗਰੇਜ਼ ਸਰਕਾਰ ਨੇ ਨੌਜਵਾਨ ਭਾਰਤ ਸਭਾ ਉਪਰ ਪਾਬੰਦੀ ਲਾ ਦਿੱਤੀ।

ਭਗਤ ਸਿੰਘ ਨੇ ਮਜ਼ਦੂਰ, ਕਿਸਾਨ ਪਾਰਟੀਆਂ ਦੀ ਪਹਿਲੀ ਕਾਨਫਰੰਸ ਜਿਹੜੀ ਕਿ ਕਲਕੱਤੇ ਵਿਖੇ 21 ਤੋਂ 24 ਦਸੰਬਰ 1928 ਤੱਕ ਹੋਈ, ਵਿਚ ਗੁਪਤ ਤੌਰ 'ਤੇ ਭਾਗ ਲਿਆ। ਭਗਤ ਸਿੰਘ ਕਾਂਗਰਸ ਦੇ ਕਲਕੱਤਾ ਸੈਸ਼ਨ ਜਿਹੜਾ 29 ਦਸੰਬਰ, 1928 ਤੋਂ 1 ਜਨਵਰੀ, 1929 ਤੱਕ ਹੋਇਆ, ਦੌਰਾਨ ਵੀ ਉਥੇ ਹਾਜ਼ਰ ਸੀ। ਦਸੰਬਰ 1928 ਵਿਚ ਕਲਕੱਤਾ ਵਿਖੇ ਕਾਂਗਰਸ ਦੇ ਕਲਕੱਤਾ ਸੈਸ਼ਨ ਸਮੇਂ ਕਿਹਾ ਸੀ, "ਅਸੀਂ ਤੁਹਾਡੀ ਪਾਰਟੀ ਦੇ ਪ੍ਰੋਗਰਾਮ ਅਤੇ ਗਤੀਵਿਧੀਆਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਪਰ ਕਈ ਸਮੇਂ ਅਜਿਹੇ ਹੁੰਦੇ ਹਨ ਜਦੋਂ ਲੋਕਾਂ ਵਿਚ ਵਿਸ਼ਵਾਸ ਪੈਦਾ ਕਰਨ ਲਈ ਦੁਸ਼ਮਣ ਦੇ ਹਮਲੇ ਨੂੰ ਤੁਰੰਤ ਹਥਿਆਰਬੰਦ ਕਾਰਵਾਈਆਂ ਨਾਲ ਰੋਕਣਾ ਪੈਂਦਾ ਹੈ।"

ਕਿਰਤੀ ਸ਼੍ਰੇਣੀ ਦੀ ਵਧਦੀ ਲਹਿਰ ਅਤੇ ਕਮਿਊਨਿਸਟਾਂ ਦੇ ਵਧਦੇ ਪ੍ਰਭਾਵ ਨੂੰ ਤੋੜਨ ਲਈ ਬਰਤਾਨਵੀ ਸਰਕਾਰ ਦਮਨਕਾਰੀ 'ਪਬਲਿਕ ਸੇਫਟੀ ਬਿਲ' ਅਤੇ 'ਟਰੇਡ ਡਿਸਪਿਊਟਸ ਬਿਲ' ਕੇਂਦਰੀ ਵਿਧਾਨ ਸਭਾ, ਦਿੱਲੀ ਵਿਚ ਲੈ ਕੇ ਆਈ। 20 ਮਾਰਚ 1929 ਨੂੰ ਬਰਤਾਨਵੀ ਸਰਕਾਰ ਨੇ ਪਹਿਲਾਂ ਹੀ ਪ੍ਰਮੁੱਖ ਕਮਿਊਨਿਸਟ ਅਤੇ ਮਜ਼ਦੂਰ ਆਗੂਆਂ ਨੂੰ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚੋਂ, ਮਸ਼ਹੂਰ ਮੇਰਠ ਸਾਜ਼ਿਸ਼ ਕੇਸ ਵਿਚ ਗ੍ਰਿਫਤਾਰ ਕਰ ਲਿਆ ਸੀ।


ਅਸੈਂਬਲੀ ਬੰਬ ਕੇਸ ਦੀ ਸੁਣਵਾਈ 7 ਮਈ 1929 ਨੂੰ ਸ਼ੁਰੂ ਹੋਈ। ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਨੇ ਅਦਾਲਤ ਵਿਚ ਦਾਖਲ ਹੁੰਦਿਆਂ 'ਇਨਕਲਾਬ ਜ਼ਿੰਦਾਬਾਦ', 'ਪ੍ਰੋਲੇਤਾਰੀ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਦੇ ਨਾਅਰੇ ਲਾਏ। ਇਹ ਤਿੰਨੇ ਨਾਅਰੇ ਐਚ.ਐਸ.ਆਰ.ਏ. ਦੇ ਇਨਕਲਾਬੀਆਂ ਵੱਲੋਂ ਅਗਲੇ ਕਈ ਸਾਲਾਂ ਤੱਕ ਬਰਤਾਨਵੀ ਅਦਾਲਤਾਂ ਅਤੇ ਜੇਲ੍ਹਾਂ ਵਿਚ ਦੁਹਰਾਏ ਜਾਂਦੇ ਰਹੇ। ਇਹ ਨਾਅਰੇ ਦੇਸ਼ ਦੇ ਲੋਕਾਂ ਲਈ ਆਜ਼ਾਦੀ ਸੰਗਰਾਮ ਦੀ ਵਿਰਾਸਤ ਦਾ ਹਿੱਸਾ ਬਣ ਗਏ।

12 ਜੂਨ 1929 ਨੂੰ ਅਦਾਲਤ ਨੇ ਭਗਤ ਸਿੰਘ ਅਤੇ ਬੁਟਕੇਸ਼ਵਰ ਦੱਤ ਨੂੰ ਅਸੈਂਬਲੀ ਬੰਬ ਕੇਸ ਵਿਚ ਸਾਂਡਰਸ ਕਤਲ ਦੇ ਵੇਰਵੇ ਦਾ ਪਤਾ ਲਗਾ ਲਿਆ ਸੀ। ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਅਤੇ ਕਈ ਹੋਰਾਂ ਉਪਰ ਇਤਿਹਾਸਕ ਦੂਜੇ ਲਾਹੌਰ ਸਾਜਿਸ਼ ਕੇਸ ਸਬੰਧੀ ਮੁਕੱਦਮਾ ਚਲਾਇਆ ਗਿਆ। ਮੁਕੱਦਮਾ 10 ਜੁਲਾਈ 1929 ਨੂੰ ਸ਼ੁਰੂ ਹੋਇਆ ਅਤੇ ਇਕ ਸਾਲ ਤੋਂ ਵੱਧ ਸਮੇਂ ਲਈ 7 ਅਕਤੂਬਰ 1930 ਤੱਕ ਜਾਰੀ ਰਿਹਾ।

**(ਬਾਕੀ ਪੰਨਾ 8 'ਤੇ)**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਕ੍ਰਿਤਾਰਥ ਜੀਵਨ




ਇਸ ਸਜਣ ਪੁਰਖ ਨੇ ਨਾ ਕੇਵਲ ਅਮਾਨਤਾਂ ਅਦਾ ਕੀਤੀਆਂ, ਕਮਾਈ ਦਾ ਦਸਵੰਧ ਵੀ, ਜੋ ਬਣਦਾ ਸੀ, ਗੁਰੂ ਅਰਪਨ ਖਰਚ ਕੀਤਾ।

ਹੁਣ ਤੁਸੀਂ ਵੀਚਾਰ ਲਓ ਕਿ ਦੋਹਾਂ ਸਜਣਾਂ ਦੇ ਕਰਮਾਂ ਵਿਚ ਕਿੰਨਾਂ ਕੁ ਫਰਕ ਹੈ ਤੇ ਇਹ ਆਪੋ ਆਪਣਾ ਫਲ ਦੇਣ ਕਿ ਨਾ ਦੇਣ ?

ਸੋ ਮੇਰੀ ਜਾਚੇ ਤੁਸੀਂ ਸਮਝ ਗਏ ਹੋਸੋ ਕਿ ਜੋ ਮੈਂ ਕਿਹਾ ਸੀ ਕਿ ਸਾਡਾ ਫਰਜ਼ ਹੈ ਨਿਰਮਲ ਕਰਮ ਕਰਨੇ। ਇਹ ਮੈਂ ਦੋ ਸਚਮੁਚ ਦੀਆਂ ਹੋ-ਬੀਤੀਆਂ ਵਾਰਤਾ ਤੋਂ ਦੱਸਿਆ ਹੈ ਕਿ 'ਮਨ ਨਿਰਮਲ ਕਰਮ ਕਰਿ' ਦਾ ਕੀਹ ਅਰਥ ਹੈ।

ਦੂਜੀ ਮਤਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ, ਸਾਨੂੰ ਪਜਾਰ ਕਰਨ ਵਾਲੇ ਗੁਰੂ ਨੇ ਦਿਤੀ ਹੈ ਉਹ ਹੈ 'ਬਾਣੀ'। ਕਲ ਗੁਰੂ ਬਾਬੇ ਦਾ ਅਵਤਾਰ ਦਿਨ ਹੈ, ਉਸ ਦੀ ਬਾਣੀ ਉਸ ਦਾ ਰੂਪ ਹੈ। ਜਦ ਓਹ ਪਜਾਰਾ ਦੇਹ ਵਿਚ ਸੀ ਤਾਂ ਆਪਣੇ ਹਿਰਦੇ ਦਾ ਪ੍ਰਕਾਸ਼ ਇਨਾਂ ਭਾਵਾਂ ਵਿਚ ਹੀ ਦਿਆ ਕਰਦਾ ਸੀ, ਜੋ ਇਸ ਬਾਣੀ ਵਿਚ ਲਿਖੇ ਹਨ। ਸੋ ਇਹੋ ਉਸਦਾ 'ਹਿਰਦਾ' ਬਾਣੀ ਦੇ ਰੂਪ ਵਾਲਾ ਸਾਡੇ ਕੋਲ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ। ਤੁਸੀਂ ਜਾਣਦੇ ਹੋ ਕਿ ਅਸੀਂ 'ਸ੍ਰੀ ਗੁਰੂ' ਕਹਿੰਦੇ ਹਾਂ ਇਸ ਬਾਣੀ ਦੀ ਪਾਵਨ ਬੀੜ ਨੂੰ। ਇਹ ਗੁਰੂ ਚਾਨਣ ਦਾਤਾ ਹੈ- **ਗੁਰਬਾਣੀ ਇਸੁ ਜਗ ਮਹਿ ਚਾਨਣੁ**। ਜੇ ਆਪ ਜੀ ਰੋਜ਼ ਬਾਣੀ ਪੜ੍ਹੋ, ਵਿਚਾਰੋ ਤੇ ਕੀਰਤਨ ਸੁਣੋ ਤਾਂ ਤੁਹਾਨੂੰ ਗੁਰੂ ਮਤਿ ਪ੍ਰਾਪਤ ਹੁੰਦੀ ਰਹੇ, ਮਨ ਉੱਜਲ ਹੁੰਦਾ ਰਹੇ; ਸੁਰਤ ਜੁੜਦੀ ਰਹੇ। ਹਾਂ ਬਾਣੀ ਦੇ ਕੀਰਤਨ ਨਾਲ ਚਿਤ ਬ੍ਰਿਤੀ ਜੁੜਦੀ ਹੈ ਤੇ ਯੋਗ ਵਾਲਾ ਕੰਮ ਹੋ ਜਾਂਦਾ ਹੈ।

**ਜੋਗੁ ਬਨਿਆ ਤੇਰਾ ਕੀਰਤਨੁ ਗਾਈ॥** (ਆਸਾ ਮਹਲਾ ੫)

ਤੀਸਰੀ ਸ਼ੈ ਜੋ ਗੁਰੂ ਬਾਬਾ ਸਾਨੂੰ ਬਖਸ਼ਦਾ ਹੈ 'ਨਾਮ' ਹੈ, ਜੋ ਸਾਨੂੰ ਪੰਜ ਗੁਰਮੁਖਾਂ ਦੇ ਕੀਤੇ ਅੰਮ੍ਰਿਤ ਸੰਸਕਾਰ ਦੁਆਰਾ ਪ੍ਰਾਪਤ ਹੋ ਜਾਂਦਾ ਹੈ। ਹਾਂ, ਇਹ ਗੁਰੂ ਕੀ ਬਾਣੀ ਨਾਮ ਵਿਚ ਲੈ ਜਾਂਦੀ ਹੈ। ਨਾਮ ਜੋ ਕੰਨਾਂ ਨਾਲ ਸੁਣਿਆ ਤੇ ਜੀਭ ਨਾਲ ਜਪਿਆ, ਗੁਰਬਾਣੀ ਉਸਨੂੰ ਹਿਰਦੇ ਵਿਚ ਲੈ ਜਾਂਦੀ ਹੈ। ਯਥਾ :-

**ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥**
(ਬਿਲਾਵਲ ਮਹਲਾ ੩)

ਇਸ ਨਾਮ ਦੀ ਕਮਾਈ ਆਤਮਾ ਨੂੰ ਸਰੀਰ ਤੇ ਮਨ ਤੋਂ ਵੱਖਰਾ ਦੱਸਦੀ ਹੈ। ਸਰੀਰ ਨਾਲ ਅਭੇਦ ਹੋਇਆ ਬੰਦਾ ਮਾਇਆ ਵਿਚ ਲਿਪਟਿਆ ਬੰਦਾ; ਜੇ ਹੁਣੇ ਦੱਸੇ ਤ੍ਰੈਏ ਸਾਧਨ ਕਰ ਲਵੇ ਤਾਂ ਉਹ ਅਪਣੇ ਆਤਮਾ ਦੀ ਲੱਖਤਾ ਵਿਚ ਆ ਜਾਂਦਾ ਹੈ ਤੇ ਫੇਰ ਪਰਮਾਤਮ ਦੇਵ ਨੂੰ ਲਖ ਲੈਂਦਾ ਹੈ।

ਅੰਮ੍ਰਿਤ ਛਕਣ ਵੇਲੇ ਚਾਰ ਅਮੋਲਕ ਵਸਤਾਂ ਪ੍ਰਾਪਤ ਹੁੰਦੀਆਂ ਹਨ- ਨਾਮ, ਬਾਣੀ, ਰਹਿਤ, ਪੰਥ ਸੇਵਾ। ਗੁਰਸਿਖ ਸੁਚਾ ਆਚਰਣ ਬਸਰ ਕਰਦਾ, ਬਾਣੀ ਪੜਦਾ, ਵੀਚਾਰਦਾ ਤੇ ਕੀਰਤਨ ਵਿਚ ਸੁਣਦਾ, ਗਾਉਂਦਾ, ਨਾਮ ਜਪਦਾ; ਤੇ ਸਿਮਰਦਾ ਰਹਿਤ ਦਾ ਧਾਰਣੀ ਹੁੰਦਾ ਹੈ। ਇਸੇ ਨਾਲ ਉਸਦੇ ਉਪਰਲੇ ਗੁਣ ਬਚਦੇ ਹਨ ਤੇ ਪੰਥ ਵਿਚ ਸਾਂਝੀਵਾਲ ਰਹਿੰਦਾ ਹੈ ਤੇ ਸਾਂਝੀਵਾਲ ਰਹਿ ਕੇ ਪੰਥ ਸੇਵਾ ਕਰਦਾ ਹੈ; ਜਿਸ ਕਰਕੇ ਇਹ ਨਾਮ ਵਿਚ ਲਗੇ ਜੀਵਾਂ ਦਾ ਮਦਦਗਾਰ ਹੋ ਜਾਂਦਾ ਹੈ ਤੇ ਅਣਲਗੇ ਲੋਕਾਂ ਨੂੰ ਬਾਣੀ ਨਾਮ ਤੇ ਸ਼ੁਭ ਆਚਰਣ ਵਿਚ ਲਾ ਕੇ ਉਪਕਾਰ ਕਰਦਾ ਹੈ ਤੇ ਸਤਿਗੁਰੂ ਦਾ ਏਹ ਵਾਕ ਪੜ੍ਹਕੇ ਇਹ ਕੰਮ ਕਰਦਾ ਆਪਣੇ ਜਨਮ ਨੂੰ ਸਫਲ ਸਮਝਦਾ ਹੈ। ਵਾਕ ਇਹ ਹੈ:-

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥**
(ਵਾਰ ਗਉ: ਮ: ੪)

ਦੇਖੋ ਕੇਡਾ ਸੁਖੱਲਾ ਰਸਤਾ ਗੁਰੂ ਬਾਬੇ ਨੇ ਦੱਸਿਆ ਹੈ, ਜਿਸ ਨਾਲ ਕਿ ਸਾਡੇ ਕਰਮ ਨਿਰਮਲ ਹੋ ਜਾਂਦੇ ਹਨ, ਮਨ ਸੂਛ ਹੋ ਜਾਂਦਾ ਹੈ, ਆਤਮਾ ਮਨ ਤੇ ਸ਼ਰੀਰ ਤੋਂ ਅਪਣੇ ਆਪ ਨੂੰ ਵੱਖ ਪ੍ਰਤੀਤ ਕਰਨ ਲਗ ਜਾਂਦਾ ਹੈ। ਸਿੱਖ, ਜੇ ਇਸ ਤਰ੍ਹਾਂ ਅਪਣਾ ਫਰਜ਼ ਪੂਰਾ ਕਰੀ ਚਲੇ ਤਾਂ ਹੁਣ ਹੁਕਮੀ ਦਾ ਕੰਮ ਬਾਕੀ ਹੈ ਕਿ ਉਹ ਸਾਨੂੰ ਮਿਹਰ ਕਰਕੇ ਸਾਡੀ ਆਤਮਾ ਨੂੰ ਆਪਣੀ ਚਰਨ ਸ਼ਰਨ ਵਿਚ ਆਪਣੇ ਨਾਲ ਮੇਲ ਲਵੇ। ਜਿਸ ਅਵਸਥਾ ਨੂੰ ਬਾਬਾ ਜੀ ਨੇ ਆਪ ਫੁਰਮਾਇਆ ਹੈ:-

**ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥**
(ਸੋਰਠਿ ਮ: ੧-੬)

ਸਾਡਾ ਫ਼ਰਜ਼ ਹੈ ਤੇ ਅਰਦਾਸ ਕਰੀਏ ਕਿ ਗੁਰੂ ਨਿਬਾਹੇ ਕਿ:-

1. **ਨਿਰਮਲ ਕਰਮ ਕਰੀਏ-ਮਨ ਨਿਰਮਲ ਕਰਮ ਕਰਿ।**
   (ਧਨਾ: ਮ: ੫-੨੯)
2. **ਬਾਣੀ:-ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥**
   (ਰਾਮਕਲੀ ਮ: ੩ ਅਨੰਦ)
3. **ਨਾਮ:-ਜਪਿ ਜਨ ਸਦਾ ਸਦਾ ਦਿਨੁ ਰੈਣੀ॥**
   **ਸਭ ਤੇ ਊਚ ਨਿਰਮਲ ਇਹ ਕਰਣੀ॥**
   (ਗਉ: ਮ: ੫ ਸੁਖਮਨੀ)

3.

ਇਹ ਸਾਰਾ ਉਪਦੇਸ਼ ਸੁਣਕੇ ਸਾਰੇ ਸਰੋਤੇ ਬਹੁਤ ਪ੍ਰਸੰਨ ਹੋਏ ਤੇ ਆਪੋ ਵਿਚ ਕੁਛ ਗੱਲਾਂ ਕਰਨ ਲਗ ਪਏ। ਫੇਰ ਉਨ੍ਹਾਂ ਵਿਚੋਂ ਇਕ ਨੇ ਕਿਹਾ ਕਿ ਜੀਓ ਜੀ! ਅਸਾਂ ਸਾਰਿਆਂ ਦੀ ਇਕ ਅਰਜੋਈ ਹੈ।

ਸਾਧੂ ਨੇ ਕਿਹਾ-ਕਹੋ ਭਾਈ! ਆਗਿਆ ਕਰੋ!

ਸਿੱਖ- ਕਲ ਜੀਓ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨੇ ਦਾ ਗੁਰਪੁਰਬ ਹੈ। ਹਾਂ ਤਾਂ ਅਸੀਂ ਏਥੇ ਥੋੜੇ ਪਰ ਸਿੱਖਾਂ ਨੂੰ ਹੁਕਮ ਹੈ 'ਭਾਇ ਭਗਤਿ ਗੁਰਪੁਰਬ ਕਰੰਦੇ' ਅਸਾਂ ਨੇ ਕੱਲ ਸ੍ਰੀ ਗੁਰੂ ਜੀ ਦਾ ਗੁਰਪੁਰਬ ਮਨਾਉਣਾ ਹੈ। ਜੇ ਆਪ ਜੀ ਖੇਚਲ ਕਰੋ ਤਾਂ ਓਥੇ ਕੋਈ ਕਥਾ ਗੁਰੂ ਜੀ ਦੀ ਸੁਣਾਓ ਜਿਸ ਕਰਕੇ ਸਾਡੇ ਕੰਨ ਬੀ ਪਵਿਤ੍ਰ ਹੋਣ।

ਆਪ ਦੀ ਰਸਨਾ ਪਵਿਤਰ ਹੈ ਹੀ, ਕਿਉਂਕਿ ਲਿਖਤਾ ਹੈ:-

**ਪ੍ਰਭ ਜੀ ਬਸਹਿ ਸਾਧ ਕੀ ਰਸਨਾ।** (ਸੁਖਮਨੀ)

ਸਾਧੂ- ਪਵਿਤਰ ਨਾਮ ਨਿਰੰਕਾਰ ਦਾ ਹੈ ਜੋ ਨਾਮ ਨਿਰੰਜਨ ਹੈ। ਜਿਥੇ ਛੋਹੇਗਾ ਪਵਿਤ੍ਰ ਕਰ ਦੇਵੇਗਾ। ਪਵਿਤਰ ਹਰੀ ਕੀਰਤਨ ਹੈ, ਜਿਥੇ ਹੋਏਗਾ ਪਵਿਤ੍ਰਤਾ ਵਰਸੇਗੀ। ਬਾਕੀ ਸਾਧ ਸੰਗਤਿ ਦੀ ਆਗਿਆ ਕੌਣ ਮੋੜ ਸਕਦਾ ਹੈ; ਸਮਾਂ ਦੱਸ ਦਿਓ ਤਾਂ ਦਾਸ ਸਮੇਂ ਸਿਰ, ਗੁਰੂ ਭਾਵੇ ਤਾਂ, ਪਹੁੰਚ ਪਵੇਗਾ।

ਇਹ ਸੁਣਕੇ ਆਪਦਾ ਧੰਨਵਾਦ ਹੋਇਆ ਤੇ ਵਕਤ ਦੱਸਿਆ ਗਿਆ।

ਅਗਲੇ ਦਿਨ ਆਪ ਜੀ ਦੀਵਾਨ ਵਿਚ ਹਾਜ਼ਰ ਹੋ ਗਏ, ਕੀਰਤਨ ਮਗਰੋਂ ਆਪ ਜੀ ਆਗਿਆ ਪਾ ਕੇ ਸ੍ਰੀ ਗੁਰੂ ਜੀ ਦੀ ਤਾਬਿਆ ਆ ਬੈਠੇ ਤਾਂ ਆਪ ਨੇ ਮਨੋਹਰ ਸੁਰ ਵਿਚ ਗੁਰੂ ਵਾਕ ਲਿਆ। ਵਾਕ ਲੈ ਕੇ ਰੁਮਾਲ ਓੜ੍ਹਾ ਦਿਤਾ ਤੇ ਬੋਲੇ:-

ਗੁਰੂ ਕੇ ਪਿਆਰੇ ਸਿਦਕਵਾਨੋ! ਸਚੇ ਪਾਤਸ਼ਾਹ ਨੇ ਜੋ ਵਾਕ ਅਜ ਬਖਸ਼ਿਆ ਹੈ ਇਹ ਸਾਨੂੰ ਸਾਰਿਆਂ ਨੂੰ ਰਹਨੁਮਾਈ ਲਈ ਬਖਸ਼ਿਆ ਹੈ, ਇਹ ਹੁਕਮ ਹੈ ਜਿਸ ਤੇ ਅਸਾਂ ਕਾਰਬੰਦ ਹੋਣਾ ਹੈ ਅਜ ਤੇ ਰੋਜ਼।

ਫਿਰ ਦੇਖੋ ਇਹ ਵਾਕ ਐਸਾ ਆਇਆ ਹੈ ਕਿ ਜਿਸ ਪਰਥਾਇ ਇਹ ਹੋਇਆ ਸੀ ਉਸਦੀ ਸਾਖੀ ਬੀ ਜਨਮ ਸਾਖੀ ਵਿਚ ਲਿਖੀ ਹੋਈ ਹੈ। ਸੋ ਸ਼ਬਦ ਦਾ ਅਰਥ-ਭਾਵ ਤੇ ਉਹ ਸਾਖੀ ਜੋ ਜਨਮ ਸਾਖੀ ਵਿਚ ਲਿਖੀ ਹੈ ਇਸ ਕਥਾ ਵਿਚ, ਜੋ ਦਾਸ ਨੇ ਹੁਣ ਕਰਨੀ ਹੈ, ਦੋਏ ਆ ਜਾਣਗੇ।

ਜਦੋਂ ਸ੍ਰੀ ਗੁਰੂ ਜੀ ਦੇਸ਼ਾਟਨ ਕਰਕੇ ਤੇ ਜੀਵਾਂ ਦਾ ਉਧਾਰ ਕਰਕੇ ਦੇਸ਼ ਆਏ ਤਾਂ ਇਕ ਦਿਨ ਆਪ ਜੀ ਬੈਠੇ ਸਨ। ਜਾਪਦਾ ਹੈ ਕਿ ਗੁਰੂ ਕੇ ਦਰਬਾਰ ਵਿਚ ਕੀਰਤਨ ਹੋ ਚੁਕਾ ਸੀ ਤੇ ਆਪ ਜੀ ਸਾਧ ਸੰਗਤਿ ਤੇ ਬਾਹਰੋਂ ਆਏ ਪਿਆਰਿਆਂ ਵਿਚ ਸੁਭਾਇਮਾਨ ਹੋਏ। ਕਿਸੇ ਕਿਸੇ ਵੇਲੇ ਕੋਈ ਵਾਕ ਸਿਖਤਾ ਦੇ ਭਰੇ ਹੋਏ ਕਰਦੇ ਪਏ ਸਨ ਕਿ ਅਚਾਨਕ ਪੰਜ-ਸਤ ਜਣਿਆਂ ਦੀ ਇਕ ਟੋਲੀ ਆ ਗਈ। ਇਹ ਕੋਈ ਕੁਛ ਠਹਿਰੇ ਹੋਏ ਸੁਭਾਵ ਵਾਲੇ ਸਨ ਤੇ ਮੱਥੇ ਸ਼ਰਧਾ ਵਾਲੇ ਸਨ। ਇਨ੍ਹਾਂ ਦੇ ਨਾਲ ਇਕ ਗੁਰੂ ਕਾ ਸਿੱਖ ਸੀ। ਉਸਨੇ ਅਰਜ਼ ਕੀਤੀ; 'ਸ੍ਰੀ ਦਾਤਾ ਜੀਓ ! ਏਹ ਸਾਰੇ ਭਗਤ ਹਨ ਅਤੇ ਆਪ ਜੀ ਦੇ ਦਰਸ਼ਨਾਂ ਨੂੰ ਦੂਰੋਂ ਆਏ ਹਨ'। 'ਸ੍ਰੀ ਗੁਰੂ ਜੀ ਨੇ ਮਸਤਕ ਡਿਠੇ ਤਾਂ ਪਛਾਣ ਕੀਤੀ ਕਿ ਹੈਨ ਤਾਂ ਮੇਰੇ ਮਾਲਕ ਦੀਆਂ ਦਰ ਪ੍ਰਾਪਤੀ ਦੇ ਸ਼ੌਕ ਵਾਲੀਆਂ ਸੁਹਣੀਆਂ ਯਤਨ ਕਰਦੀਆਂ, ਪਰ ਨਿਸਚੇ ਦੇ ਘਰ ਦੇ ਦਰਵਾਜ਼ਿਆਂ ਕੋਲ ਫਿਰਦੀਆਂ, ਲਭਦੀਆਂ, ਖੜਕਾਉਂਦੀਆਂ ਤੇ ਉਡੀਕਦੀਆਂ ਕੰਤ ਮਹੇਲੀਆਂ ਵਾਂਙੂ। ਸੋਹਣੇ ਸਾਹਿਬਾਂ ਨੇ ਆਦਰ ਦੇ ਕੇ ਬਹਾਲ ਲਿਆ ਤੇ ਕੁਸ਼ਲ ਆਨੰਦ ਪੁੱਛੀ। ਫੇਰ ਗੁਰੂ ਜੀ ਨੇ ਆਪਣੇ ਪਹਿਲੇ ਪ੍ਰਸ਼ਨ ਕਰਤੇ ਨਾਲ ਗਲਬਾਤ ਸ਼ੁਰੂ ਕਰ ਦਿਤੀ, ਜੋ ਗਲਬਾਤ ਕਿ ਭਗਤਾਂ ਦੇ ਆਉਣ ਤੇ ਆਦਰ ਦੇਣ ਵਿਚ ਰੁਕ ਗਈ ਸੀ। ਇਹ ਗਲਬਾਤ ਕੋਈ ਦੋ-ਇਕ ਘੜੀ ਵਿਚ ਮੁੱਕੀ। ਹੁਣ ਭਗਤਾਂ ਨੇ ਸਮਝਿਆ ਕਿ ਸਾਡੀ ਗਲ ਛੇੜਨੀ ਠੀਕ ਹੋਸੀ, ਤਦ ਉਨ੍ਹਾਂ ਵਿਚੋਂ ਇਕ ਨੇ ਅਦਬ ਨਾਲ ਕਿਹਾ:-ਗੋਸਾਈਂ ਪ੍ਰਭੋ ! ਕੁਛ ਬਿਨਯ ਕਰਨੀ ਹੈ।

ਸਾਹਿਬ ਬੋਲੇ:-'ਜੋ ਦਿਲ ਆਵੇ ਪੁਛੋ ਜੀ !' ਤਾਂ ਉਨ੍ਹਾਂ ਵਿਚੋਂ ਵਡਕੇ ਨੇ ਪੁਛਿਆ:-

ਭਗਤ- ਜੀਵ ਦੇਹ ਧਾਰਕੇ ਕੁਛ ਨਾ ਕੁਛ ਕਰਦਾ ਹੈ, ਉਹ ਯਾ ਪੁੰਨ ਹੁੰਦਾ ਹੈ ਯਾ ਪਾਪ, ਯਾ ਕੁਛ ਵਿਚ ਵਿਚਾਲੇ। ਪੁੰਨ ਤਾਂ ਹੋਯਾ ਚੰਗਾ ਤੇ ਪਾਪ ਮਾੜਾ। ਇਸ ਮਾੜੇ ਵਲੋਂ ਬਚਣ ਦਾ ਜਤਨ ਕਰਦਿਆਂ ਕੋਈ ਪੇਸ਼ ਨਹੀਂ ਜਾਂਦੀ। ਮਾਯਾ ਦੇ ਮਗਰ ਸਭੇ ਭੱਜੇ ਫਿਰਦੇ ਹਨ। ਆਪ ਇਹ ਕਿਰਪਾ ਕਰਕੇ ਦੱਸੋ ਕਿ ਇਹ ਪ੍ਰਾਣੀ ਆਪਣੇ ਲਾਲਚ ਲਗਾ ਇਹ ਕਰਮ ਪਿਆ ਕਰਦਾ ਹੈ ਕਿ ਕੋਈ ਇਸ ਤੋਂ ਕਰਾਉਂਦਾ ਹੈ? ਤੇ ਮਾਯਾ ਵਸ ਫਿਰਦਿਆਂ ਦੀ ਕਲਜਾਣ ਕੀਕੂੰ ਹੋਵੇ?

ਤਦ ਸਤਿਗੁਰੂ ਜੀ ਉਨ੍ਹਾਂ ਵਲ ਮਿਹਰ ਨਾਲ ਤੱਕੇ ਤੇ ਆਖਣ ਲਗੇ- ਤੁਸਾਂ ਜੀ ਨੇ ਠੀਕ ਕਿਹਾ ਹੈ ਕਿ ਇਹ ਜੀਵ ਯਾ ਪਾਪ ਕਰਦਾ ਹੈ ਯਾ ਪੁੰਨ ਤੇ ਫੇਰ ਗਲਬਾਤ ਬੀ ਪਾਪ ਪੁੰਨ ਦੀ ਕਰਦਾ ਰਹਿੰਦਾ ਹੈ, ਜੋ ਕੁਛ ਕਰੂ ਉਸੇ ਦਾ ਜ਼ਿਕਰ ਜ਼ਿਕਰ ਕਰੇਗਾ ਨਾ! ਸੋ ਭਗਤ ਜਨੋਂ! ਪਾਪ ਪੁੰਨ ਤਾਂ ਹੀ ਕਰਦਾ ਹੈ ਜੇ ਅੰਦਰੋਂ ਮਨ ਪ੍ਰੇਰਦਾ ਹੈ। ਮਨ ਦਾ ਰੁਖ ਬਾਹਰਮੁਖੀ ਹੈ, ਇਹ ਸਰੀਰ ਦੀ ਪਾਲਣਾ ਤੇ ਰਖਯਾ ਆਦਿ ਵਿਚ ਰਚਿਆ ਰਹਿੰਦਾ ਹੈ। ਸੋ ਇਸ ਵਿਚ ਜੋ 'ਮਨਸਾ' ਉਪਜਦੀ ਹੈ ਉਹ ਇਸੇ ਦੀ ਉਪਜਾਈ ਉਪਜੀ ਬਾਹਰਮੁਖੀ ਕੰਮ ਕਰਦੀ ਹੈ। ਇਹ ਮਨਸਾ ਹੁੰਦੀ ਹੈ ਆਪਣੇ ਸਰੀਰ ਦੇ ਸੁਖ ਲੈਣ ਵਿਚ ਰੱਤੀ ਹੋਈ। ਇਹ ਕਮਾਈ ਕਰਕੇ ਸਰੀਰਕ ਲੋੜਾਂ ਤੇ ਬੱਸ ਨਹੀਂ ਕਰਦੀ। ਜਿੰਨਾਂ ਕੁਛ ਲੋੜਾਂ ਲਈ ਇਹ ਕੱਠਾ ਕਰਾ ਲੈਂਦੀ ਹੈ ਉਸਤੋਂ ਅਗੇ ਹੋਰ ਲੈਣ ਵਲ ਸਰੀਰ ਨੂੰ ਦੁੜਾਉਂਦੀ ਹੈ, ਤ੍ਰਿਪਤ ਨਹੀਂ ਹੁੰਦੀ। ਫੇਰ ਕੱਠਾ ਕਰਨ ਵਿਚ ਪਾਪ ਪੁੰਨ ਦੇ ਵੀਚਾਰ ਵੀ ਛਡ ਦੇਂਦੀ ਹੈ। ਕੱਠਾ ਕਰਕੇ ਆਪੂੰ ਤ੍ਰਿਪਤ ਨਹੀਂ ਹੁੰਦੀ ਤੇ ਮਾਨ ਹੰਕਾਰ ਵਿਚ ਹੋਰਨਾਂ ਨੂੰ ਦੁਖਾਉਂਦੀ ਹੈ। ਸੋ ਫਲ ਆਪਣੇ ਲਈ ਭੀ ਚੰਗਾ ਨਾ ਹੋਇਆ ਤੇ ਦੁਇਆਂ ਲਈ ਭੀ ਦੁਖਦਾਈ ਹੋਇਆ। ਫੇਰ ਇਕ ਗਲ ਸੋਚੋ ਹੋਰ ਕਿ ਧਨ ਪਾ ਕੇ ਜੀਵ ਜੋ ਭੋਗ ਬਿਲਾਸ ਕਰਦਾ, ਖੁਸ਼ੀਆਂ ਮਨਾਉਂਦਾ ਹੈ, ਫੇਰ ਉਹ ਧਨ ਵੀ ਮਰਨ ਵੇਲੇ ਏਥੇ ਹੀ ਰਹਿ ਜਾਂਦਾ ਹੈ। ਓਸ ਧਨ ਨੂੰ ਸਾਂਭਦੇ ਹਨ ਹੋਰ ਲੋਕੀ ਤੇ ਭੋਗ ਬਿਲਾਸਾਂ ਵਿਚ ਆਇਆ ਸੁਆਦ ਆਨੰਦ ਬੀ ਨਾਲ ਨਹੀਂ ਜਾਂਦਾ, ਭੋਗਣ ਵਾਲਾ ਸਰੀਰ ਸੁਆਹ ਦੀ ਢੇਰੀ ਹੋ ਜਾਂਦਾ ਹੈ। ਇਸ ਤਰ੍ਹਾਂ ਦੁਖ ਦੇਂਦਾ ਦੁਖ ਦੇ ਕਾਰਣ ਪਾਪ ਨੂੰ ਮਨ ਵਿਚ ਸੰਸਕਾਰਾਂ ਦੀ ਸ਼ਕਲ ਵਿਚ ਲੈਕੇ ਟੁਰ ਜਾਂਦਾ ਹੈ। ਜੀਉਂਦੇ ਜੀ ਜਦੋਂ ਕਿਤੇ ਪਾਪ ਪੁੰਨ ਦੀਆਂ ਵੀਚਾਰਾਂ ਕਰਦਾ ਸੀ ਓਹ ਫੋਕੀਆਂ ਵਕਤ ਲੰਘਾਊ ਗੱਲਾਂ ਹੁੰਦੀਆਂ ਸਨ। ਜੇ ਕੋਈ ਪੁੰਨ ਕਰਮ ਕਰ ਗਿਆ ਤਾਂ ਓਹ ਨਿਰਮਲ ਕਰਮ ਨਹੀਂ ਸਨ, ਉਹ ਤਾਂ ਕਰਮ ਕਾਂਡੀ ਕਰਮ ਸਨ ਜੋ ਕਾਮਨਾ ਵਿਚ ਆ ਕੇ ਸੁਰਗਾਂ ਦੇ ਭੋਗਾਂ ਦੀਆਂ ਵਾਸ਼ਨਾਂ ਧਾਰਕੇ ਕੀਤੇ ਸਨ। ਸੋ ਭਗਤ ਜਨੋਂ! ਐਸੇ ਮਾਇਆ ਪਰੇਮੀ ਜੀਵਾਂ ਦਾ ਕਲਿਆਨ ਕੀਕੂੰ ਹੋ ਸਕਦਾ ਹੈ? ਹਾਂ, ਜੇ ਓਹ ਗੁਰੂ ਮਤਿ ਵਿਚ ਆ ਜਾਣ, ਸਤਿਗੁਰ ਦੇ ਉਪਦੇਸ਼ ਦੇ ਧਾਰਨੀ ਹੋ ਜਾਣ ਤਾਂ ਰਸਤਾ ਇਹ ਹੈ ਕਿ ਉਸ ਉਪਦੇਸ਼ ਵਿਚ ਇਨ੍ਹਾਂ ਨੂੰ ਆਪਣੇ ਰੋਜ਼ ਦੇ ਕਰਮ ਨਿਰਮਲ ਕਰਨ ਦਾ ਉਪਦੇਸ਼ ਮਿਲੇਗਾ, ਫਿਰ ਨਾਮ ਦੀ ਕਮਾਈ ਕਰਨੇ ਦਾ ਉਪਦੇਸ਼ ਮਿਲੇਗਾ। ਇਹ ਜੋ ਨਾਮ ਧਨ ਹੈ ਸੋ ਸੱਚਾ ਧਨ ਹੈ ਤੇ ਜੀਵ ਦੇ ਨਾਲ ਜਾਂਦਾ ਹੈ, ਕਿਉਂਕਿ ਇਹ ਮਨ ਵਿਚ ਅਵਿਛੜ ਪ੍ਰਵੇਸ਼ ਕਰ ਜਾਂਦਾ ਹੈ, ਸੋ ਜੀਵ ਦੇ ਨਾਲ ਚਲਾ ਜਾਂਦਾ ਹੈ।

**(ਚਲਦਾ)**

❖ ❖ ❖ ❖

# Remembering Bhagat Singh

❖ Mubarak Ali

In 1947, not only was the subcontinent partitioned into two countries, but history too was divided as a result of partition, with two distinct characteristics developing their own interpretations in India and Pakistan. In Pakistani historiography the emphasis is on the Pakistan Movement rather than on anti-colonialism. That is why the movements and individuals who had taken part in the anti-colonial struggle are not a part of our history. Sardar Bhagat Singh is one such individual.

He was a revolutionary who wanted not only freedom from foreign rule but also to change the society radically in favour of the common people; he is portrayed in different hues and colours, suiting the purpose of various political parties and groups. The Congress Party in India recognizes him as a freedom fighter who struggled against the British rule, but his revolutionary character is sidelined and not appreciated.

Similar is the case with the right-wing political parties in India for whom he was a son of Bharat, a patriot, but his anti-communalist and egalitarian views on society are concealed by them. In Pakistan, Bhagat Singh is recognized by Punjabi nationalists and the leftist groups, but in other provinces of Pakistan he is not so well known. In official circles there is silence, and no function was organized to mark his birth centenary. There are two important aspects for which Bhagat Singh stands out. He used terrorist methods to create awe and shock among alien rulers of India; more important, he spread his revolutionary ideas among the young generation, inspiring it to struggle against foreign rule and to change the basic structure of society.

Terrorist activities in British India had begun after the partition of Bengal in 1905, when all other methods to annul that partition had failed. Most probably, the early terrorists were inspired by secret societies at that time in Italy, Germany and Russia,



Bhagat Singh during different phases of his life.

where young people organized themselves to topple tyrannical regimes. The method was to target important members of the ruling class in order to create fear and terror among them so as not to let them act against the people. As in most of these countries, individuals were responsible for anti-people policies; the terrorists made attempts at assassinating members of the ruling elite as a warning. In India, Bengali rebel groups followed this tactic and succeeded in forcing the British government to annul the partition of their province in 1911.

Bhagat Singh and his companions were arrested on charges of murder of a police officer and for throwing bombs in the Central Assembly. While in prison, Bhagat Singh did not waste his time and read revolutionary literature. He also jotted down his thoughts which were recently published as *The Jail Notebook and Other Writings*, edited by Chaman Lal. Some of his notes are titled as: 'Statement before the sessions court'; 'To make the deaf hear'; 'Regarding Suicide'; and "Why I am an atheist".

Bhagat Singh's case was widely publicized at the time. Gandhi did not support him and his tactics and kept quiet; Muhammad Ali Jinnah fully supported Bhagat Singh and condemned the British government for following anti-people policies which forced young people to resort to violence.



Bhagat Singh in jail, Lahore, 1928

Why should we remember Bhagat Singh today? The answer lies in his legacy. Some elements of it are still relevant while some have changed with the passage of time. First of all, his commitment to the cause of liberation is laudable. He sacrificed his life for it. He wanted to see India free from foreign domination and exploitation. Both India and Pakistan are now independent countries but Pakistan is not so fully independent. We are still influenced by foreign powers and international financial institutions. Therefore, there is still need to liberate ourselves from foreign clutches.

Secondly, the whole phenomenon of terrorism has changed. Bhagat Singh and his friends used it to create shock among the ruling classes and to inspire the people with the thought that the British empire was not invincible. They never intended to hurt civilians. Nowadays terrorism is used by imperial and state powers to kill both civilians and militants. Extremist groups too are using it indiscriminately against civilians as well as their adversaries. That is why it is creating havoc among the people everywhere. People are the real victims of terrorism today.

Thirdly, Bhagat Singh wanted to change the structure of the society. In a brief essay on the slogan "Long live the revolution,' he writes: "The sense in which the word revolution is used in this phrase is the spirit, the longing for a change for the better. The people generally get accustomed to the established order of things and begin to tremble at the very idea of change. It is this lethargic spirit that needs to be replaced with the revolutionary spirit.'

The idea is still valid as class differences grow and the number of have-nots increases in countries like ours. Society cannot get peace and security without solving this problem. The question is how to resolve the dilemma: by following a revolutionary or a constitutional process? If there are no constitutional ways to fulfil political ambition, people, and especially young people, will resort to violent means to achieve their ideals. Therefore, the lesson of history is to empower people and to strengthen democratic institutions.

Courtesy : *Bhagat Singh and His Legend,* Ed. J.S. Grewal

## ਸ਼ਹੀਦ ਭਗਤ ਸਿੰਘ

ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਅਦਾਲਤ ਨੂੰ ਇਨਕਲਾਬੀ ਪ੍ਰਚਾਰ ਲਈ ਅਖਾੜੇ ਵਿਚ ਬਦਲ ਦਿੱਤਾ, ਬਿਲਕੁਲ ਉਸੇ ਤਰ੍ਹਾਂ ਜਿਵੇਂ ਮੁਕੱਦਮੇ ਅਧੀਨ ਕਮਿਊਨਿਸਟ ਮੇਰਠ ਸਾਜਿਸ਼ ਕੇਸ ਵਿਚ ਕਰਦੇ ਸਨ, ਜਿਹੜਾ ਕਿ ਲਾਹੌਰ ਸਾਜਿਸ਼ ਕੇਸ ਦੇ ਨਾਲ ਨਾਲ ਚੱਲ ਰਿਹਾ ਸੀ। ਦੋਹਾਂ ਕੇਸਾਂ ਨੇ ਦੇਸ਼ ਪੱਧਰ 'ਤੇ ਲੋਕਾਂ ਦਾ ਧਿਆਨ ਖਿੱਚਿਆ ਪਰ ਲਾਹੌਰ ਸਾਜਿਸ਼ ਕੇਸ ਚਰਚਾ ਵਿਚ ਸੀ। ਇਨਕਲਾਬੀਆਂ ਨੇ ਜੇਲ੍ਹ ਦੀਆਂ ਭਿਆਨਕ ਹਾਲਤਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਲੰਬੀ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ, ਇਹ ਮੰਗ ਕੀਤੀ ਕਿ ਉਹਨਾਂ ਨਾਲ ਸਧਾਰਨ ਮੁਜਰਮਾਂ ਦੇ ਤੌਰ 'ਤੇ ਨਹੀਂ, ਸਗੋਂ ਰਾਜਨੀਤਿਕ ਕੈਦੀਆਂ ਦੇ ਤੌਰ 'ਤੇ ਵਿਵਹਾਰ ਕੀਤਾ ਜਾਵੇ।

19 ਅਕਤੂਬਰ 1929 ਨੂੰ ਸੁਭਾਸ਼ ਚੰਦਰ ਬੋਸ ਦੀ ਪ੍ਰਧਾਨਗੀ ਹੇਠ ਦੂਜੀ ਪੰਜਾਬ ਸਟੂਡੈਂਟਸ ਕਾਨਫਰੰਸ ਲਾਹੌਰ ਵਿਖੇ ਹੋਈ। ਭਗਤ ਸਿੰਘ ਨੇ ਜੇਲ੍ਹ ਵਿਚੋਂ ਕਾਨਫਰੰਸ ਲਈ ਇਕ ਛੋਟਾ ਜਿਹਾ ਸੁਨੇਹਾ ਭੇਜਿਆ ਜੋ ਕਿ ਪੜ੍ਹ ਕੇ ਸੁਣਾਇਆ ਗਿਆ ਅਤੇ ਇਸਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਭਗਤ ਸਿੰਘ ਦੇ ਜੀਵਨ ਉੱਤੇ ਸੰਖੇਪ ਝਾਤ ਪਾਉਣ ਉਪਰੰਤ ਉਹ ਸਾਡੇ ਮੁਲਕ ਲਈ ਸਦੀਵੀ ਬਣ ਗਏ ਹਨ, ਉਹ ਆਪਣੀਆਂ ਲਿਖਤਾਂ ਦੇ ਜ਼ਰੀਏ ਸਾਡੇ ਨਾਲ ਰਾਬਤਾ ਕਾਇਮ ਕਰਦੇ ਹਨ। ਸਾਡੀ ਨੌਜਵਾਨ ਪੀੜ੍ਹੀ ਨੂੰ ਸੰਘਰਸ਼ ਦੇ ਰਾਹਾਂ ਉੱਤੇ ਤੋਰਨ ਲਈ ਅਹਿਮ ਭੂਮਿਕਾ ਅਦਾ ਕਰਦੇ ਹਨ। ਅੱਜ ਦੇ ਸਮੇਂ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਨੌਜਵਾਨਾਂ ਦੀ ਵੱਡੀ ਪੱਧਰ ਤੇ ਸਮੂਲੀਅਤ ਲਈ ਭਗਤ ਸਿੰਘ ਦੀ ਸ਼ਖ਼ਸੀਅਤ ਦਾ ਉੱਘਾ ਰੋਲ ਹੈ। ਨੌਜਵਾਨ ਚੱਲ ਰਹੇ ਅੰਦੋਲਨ ਵਿੱਚ ਜੋ ਭੂਮਿਕਾ ਅਦਾ ਕਰ ਰਹੇ ਹਨ, ਉਹਨਾਂ ਵਿੱਚੋਂ ਜੋਸ਼, ਜ਼ਜ਼ਬੇ ਨੂੰ ਸਲਾਮ ਕੀਤਾ ਜਾ ਰਿਹਾ ਹੈ। ਨੌਜਵਾਨ ਪੀੜ੍ਹੀ ਸਾਡੇ ਮੁਲਕ ਦੀ ਢਾਲ ਬਣ ਕੇ ਖੜ੍ਹੀ ਹੈ ਜਿਸ ਕਰਕੇ ਸਾਡਾ ਅੰਦੋਲਨ ਲਗਾਤਾਰ ਸਿਖ਼ਰਾਂ ਦੀਆਂ ਬੁਲੰਦੀਆਂ ਨੂੰ ਛੋਹ ਰਿਹਾ ਹੈ।

---

*** ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮੋ. 95690-35950**

# ਯੁਵਾ ਸਾਹਿਤੀ ਦੇ ਤਹਿਤ ਪੰਜਾਬੀ ਸੂਫ਼ੀ ਕਾਵਿ ਤੇ ਚਰਚਾ

ਨਵੀਂ ਦਿੱਲੀ, 12 ਮਾਰਚ, 2021: ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਨੌਜਵਾਨਾਂ ਦੇ ਮਹੀਨਾਵਾਰ ਪ੍ਰੋਗਰਾਮ 'ਯੁਵਾ ਸਾਹਿਤੀ' ਦੇ ਤਹਿਤ ਇਸ ਵਾਰ 'ਪੰਜਾਬੀ ਸੂਫ਼ੀ ਕਾਵਿ: ਇਤਿਹਾਸ ਅਤੇ ਵਿਚਾਰਧਾਰਾ' ਦੇ ਉੱਪਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਪੰਜਾਬ ਤੋਂ ਖੋਜਾਰਥੀ ਮਨਦੀਪ ਸਿੰਘ ਨੇ ਲੈਕਚਰ ਦਿੱਤਾ। ਇਸ ਦੀ ਪ੍ਰਧਾਨਗੀ ਇਸੇ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਡਾ. ਅਮਰਜੀਤ ਸਿੰਘ ਨੇ ਕੀਤੀ। ਖੋਜਾਰਥੀ ਦਵਿੰਦਰ ਸਿੰਘ ਇਸ ਚਰਚਾ ਦੇ ਕਨਵੀਨਰ ਸਨ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਪ੍ਰੋਫੈਸਰ-ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਅੱਜ ਦੇ ਹਾਲਾਤ ਦੇ ਪ੍ਰਸੰਗ 'ਚ ਸੂਫੀਆਂ ਦੇ ਅਧਿਆਤਮਕ ਅਤੇ ਹੱਦਾਂ ਤੋਂ ਪਾਰਗਾਮੀ ਹੋਣ ਦੇ ਸੰਦੇਸ਼ ਦਾ ਜ਼ਿਕਰ ਕਰਦਿਆਂ ਅਗਲੀ ਪੀੜ੍ਹੀ ਨੂੰ ਇਸ ਸੰਦੇਸ਼ ਨੂੰ ਸਮਝਣ ਅਤੇ ਇਸ ਨਾਲ ਜੁੜਨ ਦਾ ਪੈਗ਼ਾਮ ਦਿੱਤਾ। ਉਪਰੰਤ ਦਵਿੰਦਰ ਸਿੰਘ ਨੇ ਯੁਵਾ ਸਾਹਿਤੀ ਦੇ ਉਦੇਸ਼ ਦਾ ਜ਼ਿਕਰ ਕਰਦਿਆਂ ਪ੍ਰਮੁੱਖ ਵਕਤਿਆਂ ਨਾਲ ਸੰਖਿਪਤ ਜਾਣ-ਪਛਾਣ ਕਰਾਈ। ਖੋਜਾਰਥੀ ਮਨਦੀਪ ਸਿੰਘ ਨੇ ਇਸਲਾਮਿਕ ਚਿੰਤਨ ਨੂੰ ਆਧਾਰ ਬਣਾ ਕੇ ਪੈਦਾ ਹੋਈ ਸੂਫ਼ੀ ਪਰੰਪਰਾ ਦੇ ਇਤਿਹਾਸ ਦਾ ਜ਼ਿਕਰ ਕਰਦਿਆਂ ਇਸਲਾਮ ਦੇ ਉਨ੍ਹਾਂ ਮੁੱਖ ਗ੍ਰੰਥਾਂ ਦਾ ਵੀ ਜ਼ਿਕਰ ਕੀਤਾ ਜੋ ਸੂਫ਼ੀਅਤ ਦੇ ਵੀ ਆਧਾਰ ਹਨ। ਉਨ੍ਹਾਂ ਅਨੁਸਾਰ ਸਤਵੀਂ ਸਦੀ 'ਚ ਸੂਫੀ ਮਤ ਦਾ ਆਗਾਜ਼ ਹੋਇਆ ਜੋ ਪੰਜਾਬ ਤੋਂ ਹੁੰਦਾ ਹੋਇਆ ਪੂਰੇ ਭਾਰਤ 'ਚ ਪਸਰ ਗਿਆ। ਉਨ੍ਹਾਂ ਸੂਫ਼ੀ ਮਤ ਦੇ ਪ੍ਰਮੁੱਖ ਸਿਧਾਂਤਾਂ ਦਾ ਜ਼ਿਕਰ ਕਰਦਿਆਂ ਪੰਜਾਬੀ ਸੂਫ਼ੀ ਕਾਵਿ 'ਚ ਬਾਬਾ ਫਰੀਦ, ਬੁੱਲੇ ਸ਼ਾਹ, ਸ਼ਾਹ ਹੁਸੈਨ ਅਤੇ ਸ਼ੇਖ ਅਹਿਮਦ ਸਰਹੰਦੀ ਨੂੰ ਵਿਸ਼ੇਸ਼ ਤੌਰ ਤੇ ਆਪਣੀ ਚਰਚਾ ਦਾ ਵਿਸ਼ਾ ਬਣਾਇਆ। ਉਨ੍ਹਾਂ ਅਨੁਸਾਰ ਸ਼ੇਖ ਅਹਿਮਦ ਸਰਹੰਦੀ ਅਜਿਹੇ ਸੂਫ਼ੀ ਸਨ ਜਿਨ੍ਹਾਂ ਉਹਨਾਂ ਤੋਂ ਪਹਿਲਾਂ ਹੋ ਚੁੱਕੇ ਸੂਫੀਆਂ ਦੇ ਉਦਾਰਵਾਦ ਨੂੰ ਮੁੜ ਉਸ ਇਸਲਾਮੀ ਮੂਲਵਾਦ ਵੱਲ ਮੋੜਿਆ ਜੋ ਸੂਫੀਆਂ ਦਾ ਆਧਾਰ ਸੀ। ਉਨ੍ਹਾਂ ਸੂਫੀਆਂ ਦੇ ਪ੍ਰਮੁੱਖ ਸੰਕਲਪਾਂ-ਤੌਹੀਦ, ਫਨਾਹ, ਨਵੱਬਤ, ਹਮਾਉਸ, ਵਹਿਦਤ-ਉਲ-ਵਜੂਦ ਆਦਿ ਬਾਰੇ ਸਵਿਸਤਾਰ ਚਰਚਾ ਕਰਦਿਆਂ ਸੂਫ਼ੀ ਪਰੰਪਰਾਂ ਦਾ ਅਵਲੋਕਨ ਕੀਤਾ। ਉਪਰੰਤ ਪ੍ਰਧਾਨਗੀ ਭਾਸ਼ਣ 'ਚ ਡਾ. ਅਮਰਜੀਤ ਸਿੰਘ ਨੇ ਖੋਜਾਰਥੀ ਮਨਦੀਪ ਸਿੰਘ ਦੇ ਸੂਫ਼ੀਅਤ ਉੱਤੇ ਦਿੱਤੇ ਲੈਕਚਰ ਦੀ ਪ੍ਰਸੰਸਾ ਕਰਦਿਆਂ ਇਸ ਸੰਬੰਧੀ ਪੱਛਮੀ, ਭਾਰਤੀ ਅਤੇ ਸਾਮੀ ਲੇਖਕਾਂ ਰਾਹੀਂ ਲਿਖੀਆਂ ਕੁਝ ਅਹਿਮ ਪੁਸਤਕਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਦੇ ਅਧਿਐਨ ਰਾਹੀਂ ਅਸੀਂ ਸੂਫੀਆਂ ਦੀ ਵਿਚਾਰਧਾਰਾ, ਅਵਸਥਾ ਅਤੇ ਸੰਦੇਸ਼ ਦੀ ਡੂੰਘਾਈ ਅਤੇ ਹਕੀਕਤ ਤੋਂ ਭਲੀਭਾਂਤ ਜਾਣੂੰ ਹੋ ਸਕਦੇ ਹਾਂ। ਉਨ੍ਹਾਂ ਅਨੁਸਾਰ 1947, 1984 ਅਤੇ ਅਜੋਕੇ ਪ੍ਰਸੰਗ 'ਚ ਵੀ ਬਣੇ ਹਾਲਾਤਾਂ ਨੇ ਇਸਲਾਮਿਕ ਚਿੰਤਨ ਤੋਂ ਸਾਡੀ ਦੂਰੀ ਨੂੰ ਵਧਾਇਆ ਹੈ। ਅੱਜ ਲੋੜ ਹੈ ਅਜਿਹੀ ਵਿਚਾਰ ਚਰਚਾ ਅਤੇ ਸੰਬੰਧਿਤ ਪੁਸਤਕਾਂ ਦੇ ਅਧਿਐਨ ਦੀ ਜਿਸ ਰਾਹੀਂ ਅਸੀਂ ਮੁੜ ਭਾਰਤ ਤੇ ਖਾਸਕਰ ਪੰਜਾਬ 'ਚ ਮਕਬੂਲ ਹੋਏ ਸੂਫ਼ੀ ਮਤ ਨਾਲ ਮੁੜ ਸਾਂਝ ਪਾਕੇ ਹੱਦਾਂ ਤੋਂ ਪਾਰਗਾਮੀ ਹੋਣ ਅਤੇ ਅੰਤਰ-ਸਮਝ ਰਾਹੀਂ ਸਭਿਆਚਾਰਕ ਨਜ਼ਦੀਕੀਆਂ ਨੂੰ ਸਿਰਜ ਸਕਦੇ ਹਾਂ। ਅਖੀਰ 'ਚ ਡਾ. ਰਵੇਲ ਸਿੰਘ ਨੇ ਮੌਜੂਦਾ ਦੌਰ ਚ ਹੋਈ ਇਸ ਚਰਚਾ ਨੂੰ ਮਹੱਤਵਪੂਰਨ ਦਸਦਿਆਂ ਉਸ ਇਤਿਹਾਸਿਕ ਸੱਚ ਨੂੰ ਵੀ ਸਾਹਮਣੇ ਲਿਆਂਦਾ ਜਿਸ ਵਿਚ ਸੂਫ਼ੀ ਪਰੰਪਰਾ ਅਤੇ ਸਿੱਖ ਪਰੰਪਰਾ ਨੇ ਭਾਰਤੀ ਗਿਆਨ ਪਰੰਪਰਾ ਅਤੇ ਇਸਲਾਮਿਕ ਪਰੰਪਰਾ ਵਿਚ ਇੱਕ ਕੜੀ ਦਾ ਕੰਮ ਕਰਦਿਆਂ ਜਨ-ਸੰਬੰਧਾਂ ਨੂੰ ਸਾਜ਼ਗਾਰ ਬਣਾਇਆ ਸੀ। ਉਨ੍ਹਾਂ ਇਸ ਓਨਲਾਈਨ ਚਰਚਾ 'ਚ ਹਾਜ਼ਰ ਸਭ ਵਕਤਿਆਂ ਅਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖ ❖


ਮਨਦੀਪ ਸਿੰਘ


ਡਾ. ਅਮਰਜੀਤ ਸਿੰਘ



ਦਵਿੰਦਰ ਸਿੰਘ


ਡਾ. ਮਹਿੰਦਰ ਸਿੰਘ


ਡਾ. ਰਵੇਲ ਸਿੰਘ

ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

ਹਫ਼ਤਾਵਾਰ ਪੰਜਾਬੀ ਪਰਚਾ

**24 ਮਾਰਚ, 1921**

## ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ

20 ਮਾਰਚ ਨੂੰ 12 ਵਜੇ ਦੇ ਕਰੀਬ ਅਕਾਲ ਤਖਤ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਇਕੱਤ੍ਰਤਾ ਹੋਈ, ਕਮੇਟੀ ਦੇ ਮੈਂਬਰਾਂ ਤੋਂ ਛੁਟ ਪੰਥ ਦੇ ਆਮ ਦਾਨਿਆ ਨੂੰ ਵੀ ਸੱਦਿਆ ਗਿਆ ਸੀ। ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ੨੦੦ ਤੋਂ ਉਪਰ ਸੀ, ਪਰਧਾਨ ਸਰਦਾਰ ਸੁੰਦਰ ਸਿੰਘ ਜੀ ਰਾਮਗੜ੍ਹੀਏ ਸਨ। ਪਹਿਲਾਂ ਪ੍ਰਿੰਸੀਪਲ ਜੋਧ ਸਿੰਘ ਜੀ ਨੇ ਤਕਰੀਰ ਕੀਤੀ, ਪੰਜ ਬਜੇ ਤਕ ਬਿਚਾਰ ਹੋਣ ਦੇ ਮਗਰੋਂ ੯ ਗੁਰਮਤੇ ਪਾਸ ਹੋਏ, ਇਹਨਾਂ ਗੁਰਮਤਿਆਂ ਦੇ ਅਸਲੀ ਲਫਜ਼ ਕਮੇਟੀ ਦੇ ਦਫਤਰੋਂ ਅਜੇ ਨਹੀਂ ਪੁੱਜੇ। ਗੁਰਮਤਿਆਂ ਦਾ ਭਾਵ ਇਹ ਸੀ:-

(੧) ਗੁਰਦਵਾਰਿਆਂ ਦੀ ਸੇਵਾ ਕਰਦੇ ਹੋਏ ਸਿੰਘਾਂ ਦੇ ਫੜੇ ਜਾਣ ਦੇ ਕੰਮ ਨੂੰ ਸਿੱਖ ਡਾਢੀ ਪੀੜਾ ਦੀ ਨਜ਼ਰ ਨਾਲ ਵੇਖਦੇ ਹਨ।

(੨) ਗੁਰਦਵਾਰਿਆਂ ਦੀ ਸੇਵਾ ਕਰਦੇ ਫੜੇ ਗਏ ਸਿੱਖ ਛੇਤੀ ਛੱਡ ਦਿੱਤੇ ਜਾਣ।

(੩) ਜਦ ਤਕ ਗੁਰਦਵਾਰਿਆਂ ਬਾਬਤ ਕਾਨੂੰਨ ਬਣ ਨਾ ਜਾਏ, ਤਦ ਤਕ ਗੁਰਦਵਾਰਿਆਂ ਤੇ ਉਹ ਹੀ ਆਦਮੀ ਕਾਬਜ਼ ਰਹਿਣ ਜੋ ਫੜੇ ਜਾਣ ਵੇਲੇ ਕਾਬਜ਼ ਸਨ।

(੪) ੧੦ ਅਪ੍ਰੈਲ ਤਕ ਗੁਰਦਵਾਰਿਆਂ ਦੀ ਬਾਬਤ ਕਾਨੂੰਨ ਬਣਾਕੇ ਗੁਰਦਵਾਰੇ ਕਮੇਟੀ ਦੇ ਹਵਾਲੇ ਕਰ ਦਿੱਤੇ ਜਾਣ ਤੇ ਗੁਰਦਵਾਰਿਆਂ ਵਿਚੋਂ ਫੜੇ ਗਏ ਸਿੱਖ ਛੱਡ ਦਿੱਤੇ ਜਾਣ।

(੫) ਸਿੱਖਾਂ ਜਿਸਤਰਾਂ ਅੱਗੇ ਸਬਰ ਤੇ ਸ਼ਾਂਤੀ ਤੋਂ ਕੰਮ ਲਿਆ ਹੈ ਓਸ ਤਰਾਂ ਅੱਗੋਂ ਵੀ ਸ਼ਾਂਤੀ ਤੋਂ ਕੰਮ ਲੈਣ।

(੬) ਸਾਰੇ ਸਿੱਖ ਆਪਣੇ ਗੁਰਦਵਾਰਿਆਂ ਦੇ ਪ੍ਰਬੰਧ ਦੇ ਸੁਧਾਰ ਲਈ ਅਕਾਲੀ ਜੱਥੇ ਦਾ ਸੰਗ ਦੇਣ।

(੭) ਸਰਦਾਰ ਸੁੰਦਰ ਸਿੰਘ, ਸਰਦਾਰ ਹਰਬੰਸ ਸਿੰਘ, ਮਾਸਟਰ ਤਾਰਾ ਸਿੰਘ, ਪ੍ਰਿੰਸਿਪਲ ਜੋਧ ਸਿੰਘ, ਸਰਦਾਰ ਖੜਕ ਸਿੰਘ, ਸਰਦਾਰ ਨਰਾਇਨ ਸਿੰਘ, ਸਰਦਾਰ ਸ਼ਿਵਦੇਵ ਸਿੰਘ, ਸਰਦਾਰ ਸੁਜਾਨ ਸਿੰਘ, ਗਿਆਨੀ ਗੁਰਬਖਸ਼ ਸਿੰਘ, ਬਾਵਾ ਹਰਕਿਸ਼ਨ ਸਿੰਘ, ਭਾਈ ਕਰਤਾਰ ਸਿੰਘ ਝੱਬਰ ਇਹਨਾਂ ਸੱਜਣਾਂ ਦੀ ਇਕ ਕਮੇਟੀ ਬਣਾਈ ਗਈ, ਇਹ ਪੰਜਾਬ ਕੌਂਸਲ ਦੇ ਸਿੱਖ ਮੈਂਬਰਾਂ ਨਾਲ ਮਸ਼ਵਰਾ ਕਰਕੇ ਗੁਰਦਵਾਰਿਆਂ ਬਾਬਤ ਬਣਨ ਵਾਲੇ ਕਾਨੂੰਨ ਨੂੰ ਸਿੱਖ ਲਾਭਾਂ ਲਈ ਬਣਾਣ ਦਾ ਜਤਨ ਕਰਨ, ਜੋ ਸਫਲਤਾ ਨਾਂ ਹੋਵੇ ਤਦ ਸਿੱਖ ਫੇਰ ਹੋਰ ਮੁਨਾਸਬ ਤ੍ਰੀਕਾ ਅਖਤਿਆਰ ਕਰਨਗੇ।

(੮) ਝੂਠੀਆਂ ਖਬਰਾਂ ਤੇ ਗਲਤ-ਫੈਹਮੀਆਂ ਦੀ ਤਰਦੀਦ ਲਈ ਇਕ ਪਬਲਸਟੀ ਕਮੇਟੀ ਬਣਾਈ ਗਈ।

(੯) ਨਨਕਾਣੇ ਸਾਹਿਬ ਦਾ ਹਾਲ ਦੇਖਕੇ ਜਿਨ੍ਹਾਂ ਹਿੰਦੂਆਂ ਨੇ ਚਿੱਠੀਆਂ ਛਪਵਾ ਕੇ ਸਿੱਖਾਂ ਵਿਰੁਧ ਲੱਗੇ ਦੂਸ਼ਣਾਂ ਦੀ ਅਸਲੀਅਤ ਪ੍ਰਗਟ ਕੀਤੀ ਹੈ ਉਹਨਾਂ ਦਾ ਧੰਨਵਾਦ ਕੀਤਾ ਗਿਆ।

## ਨਨਕਾਣੇ ਸਾਹਿਬ ਦੇ ਸ਼ਹੀਦ ਤੇ ਪੰਥ

**ਸ਼ਿਮਲਾ-** ਸ਼ਹੀਦਾਂ ਦੇ ਗੁਰੂ ਦੇ ਚਰਨਾਂ ਵਿਚ ਨਿਵਾਸ ਲਈ ਅਰਦਾਸਾ ਸੋਧਯਾ ਗਿਆ, ਅਖੰਡ ਪਾਠ ਰੱਖਣ ਦਾ ਫੈਸਲਾ ਹੋਇਆ, ਸ਼ਹੀਦਾਂ ਦੀ ਯਾਦਗਾਰ ਕਾਇਮ ਕਰਨ ਦਾ ਉਦਮ ਗੁਰਦਵਾਰਾ ਪ੍ਰਬੰਧਕ ਕਮੇਟੀ ਕਰੇ। ਦਾਸ-ਸਕੱਤ੍ਰ

**ਸਖਰ-** ਮਹੰਤ ਪਾਰਟੀ ਦੇ ਕਾਰੇ ਤੇ ਘ੍ਰਿਣਾ ਪ੍ਰਗਟ ਕੀਤੀ ਗਈ, ਸਿੰਘਾਂ ਦੇ ਹਥ ਨਾਂ ਉਠਾਂਦੇ ਹੋਏ ਸ਼ਹੀਦ ਹੋਣ ਤੇ ਪ੍ਰਸੰਸਾ ਕੀਤੀ ਗਈ ਤੇ ਇੰਨਾਂ ਦੇ ਗੁਰਪੁਰੀ ਨਿਵਾਸ ਲਈ ਅਰਦਾਸਾ ਸੋਧਿਆ ਗਿਆ। ਦਾਸ-ਸਕੱਤ੍ਰ ਸਿੰਘ ਸਭਾ

**ਦਰਸਮੰਦ-** ਕੰਪਨੀ ਨੰ: ੫੭ ਤੋਪਖਾਨਾਂ ਸਫਰਮੈਂਨਾਂ ਨੇ ਸ਼ਹੀਦਾਂ ਸਿੰਘਾਂ ਦੀ ਖਾਤਰ ਖਾਸ ਇਕੱਠ ਕੀਤਾ, ੪ ਘੰਟੇ ਦੀਵਾਨ ਸੱਜਿਆ, ਸ਼ਹੀਦ ਲਈ ਅਰਦਾਸਾ ਸੋਧਯਾ ਗਿਆ। ਦਾਸ-ਗੋਪਾਲ ਸਿੰਘ

**ਨੱਕੜਲੀ-** ਅਖੰਡ ਪਾਠ ਰੱਖਯਾ ਗਿਆ ੭੦) ਸ਼ਹੀਦਾ ਦੀ ਯਾਦਗਾਰ ਲਈ ਜਮਾਂ ਹੋਏ। ਦਾਸ-ਅਤਰ ਸਿੰਘ

**ਕਲਰਵੜੀ-** ਸ਼ਹੀਦਾਂ ਦੇ ਸਾਕੇ ਨੂੰ ਸੁਣ ਸੰਗਤ ਹੈਰਾਨ ਹੋ ਗਈ ਕਿ ਅਖੰਡ ਪਾਠ ਰੱਖਣ ਤੇ ਮਾਇਆ ਇਕੱਤਰ ਕਰਕੇ ਯਾਦਗਾਰ ਲਈ ਭੇਜਣ ਦਾ ਫੈਸਲਾ ਹੋਇਆ । ਦਾਸ- ਜਮੀਤ ਸਿੰਘ

ਇਸੇ ਤਰ੍ਹਾਂ ਸ੍ਰੀ ਨਗਰ, ਕਰਤਾਰਪੁਰ, ਮੀਂਆਂਵਾਲ, ਨਰਯਾਥ, ਲਖਨਊ, ਹੋਤੀ ਵਿਖੇ ਦੀਵਾਨ ਕਰਕੇ ਸ਼ਹੀਦ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

## ਸ਼ਹੀਦਾਂ ਸਿੰਘਾਂ ਦੇ ਜੱਥੇਦਾਰ

ਲਛਮਣ ਸਿੰਘ ਔਰ ਦਲੀਪ ਸਿੰਘ ਜੱਥੇਦਾਰ, ਸ਼ਾਂਤ ਔਰ ਬੀਰ ਰਸ ਵਿਚ ਦੋਨੋਂ ਪੂਰੇ ਸੀ। ਅਖਿਆ ਸ੍ਰੀਨਗਰ ਨਿਵਾਸੀਆਂ ਨੇ ਨਹੀਂ ਜਾਓ, ਦਿੱਤਾ ਸੀ ਜਵਾਬ ਸੀਸ ਦੇਣਾ ਮਨਜ਼ੂਰ ਜੀ। ਕਰਕੇ ਦੀਦਾਰ ਗੁਰੂ ਗੋਦ ਵਿਚ ਬੈਠੇ ਸਭ, ਛਵੀਆਂ ਤੇ ਗੋਲੀਆਂ ਦੇ ਵਾਰ ਭਰਪੂਰੇ ਜੀ। ਲਹੂ ਸੰਦੀ ਨਹਿਰ ਵਗਾਈ ਸੀ ਕਸਾਈ ਤਦੋਂ, ਸਿੰਘ ਦੇਕੇ ਸੀਸ ਪਹੁੰਚੇ ਗੁਰੂ ਹੈ ਹਜੂਰੇ ਜੀ। ਦਾਸ- ਤਾਰਾ ਸਿੰਘ ਗ੍ਰੰਥੀ

## ਤਾਜ਼ੀਆਂ ਖਬਰਾਂ

ਰਾਂਝਾ ਮਾਛੀ ਨਨਕਾਣਾ ਸਾਹਿਬ ਦੀ ਘਟਨਾ ਵਿੱਚ ਹਿਸਾ ਲੈਣ ਦੇ ਅਪਰਾਧ ਵਿੱਚ ਪੁਲਿਸ ਨੇ ਫੜਿਆ ਹੈ।

ਹੁਣ ਤਕ ਸ਼ਹੀਦ ਫੰਡ ਵਿੱਚ ੧੦੯੯੨) ਰੁਪਯਾ ਜਮਾਂ ਹੋ ਚੁਕਾ ਹੈ।

ਮਹੰਤ ਪਾਰਟੀ ਦੇ ੫੯ ਆਦਮੀ ਜੇਹਲ ਵਿੱਚ ਹਨ।

ਆਤਮਾਂ ਸਿੰਘ ਤਰਖਾਨ ਮੁਕੇਰੀਆਂ ਤੋਂ ਆਂਦਾ ਗਿਆ ਹੈ, ਇਸ-ਦੀ ਬਾਬਤ ਖਿਆਲ ਹੈ ਕਿ ਇਸ ਨੇ ਜਨਮ ਅਸਥਾਨ ਵਾਲੀ ਕੋਠੜੀ ਦੇ ਦਰਵਾਜ਼ੇ ਨੂੰ ਸੁਰਾਖ ਕਰਕੇ ਦਿੱਤਾ ਸੀ, ਜਿਸਦੀ ਰਾਹੀਂ ਅੰਦਰ ਗੋਲੀ ਚਲਾਈ ਗਈ ਸੀ।

ਛਨਿਛਰ ਵਾਰ ਅਸਮਾਈਲ ਭਟੀ ਪੁਲਸ ਨੇ ਸਦਕੇ ਉਸਦੇ ਬਿਆਨ ਲਏ ਸੀ। ਸ੍ਰੀ ਨਨਕਾਣੇ ਸਾਹਿਬ ਵਾਲੀ ਘਟਨਾਂ ਦਾ ਮੁਕੱਦਮਾਂ ਲਾਹੌਰ ਸੰਟ੍ਰਲ ਜੇਲ੍ਹ ਵਿਚ ੧੫ ਦਿਨਾਂ ਤਕ ਚੱਲੇਗਾ।

## ਦਿੱਲੀ! ਵਧਾਈ!

ਸ੍ਰਦਾਰ ਸੋਭਾ ਸਿੰਘ ਜੀ ਮੀਉਸਪਲ ਕਮਿਸ਼ਨਰ ਦਿੱਲੀ ਫਸਟ ਕਲਾਸ ਦੇ ਆਨਰੇਰੀ ਮਜਸਟ੍ਰੇਟ ਬਣਾਏ ਗਏ ਹਨ, ਦਿੱਲੀ ਵਿੱਚ ਇਹ ਪਹਲੇ ਸਿੱਖ ਹਨ, ਜਿਨ੍ਹਾਂ ਨੂੰ ਇਹ ਇਜ਼ਤ ਦਿੱਤੀ ਗਈ ਹੈ। ਵਧਾਈ ਹੋਵੇ।

❖ ❖ ❖ ❖

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੮, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੩੦}

(ਵਡਹੰਸੁ ਮਹਲਾ ੫, ਛੰਤ ੩-੧੭)

**ਮੂਲ** | **ਅਰਥ**

ਵਡਹੰਸੁ ਮਹਲਾ ੫॥ ਪ੍ਰਭ ਕਰਣ ਕਾਰਨ ਸਮਰਥਾ ਰਾਮ॥ ਰਖੁ ਜਗਤੁ ਸਗਲ ਦੇ ਹਥਾ ਰਾਮ॥ ਸਮਰਥ ਸਰਣਾ ਜੋਗੁ ਸੁਆਮੀ ਕ੍ਰਿਪਾ ਨਿਧਿ ਸੁਖਦਾਤਾ॥ ਹੰਉ ਕੁਰਬਾਣੀ ਦਾਸ ਤੇਰੇ ਜਿਨੀ ਏਕੁ ਪਛਾਤਾ॥ ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ॥ ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ॥੧॥

ਹੇ ਕਾਰਣਾਂ ਦੇ ਕਰਨੇ ਵਾਲੇ ਸਮਰਥ ਪ੍ਰਭੂ! ਸਾਰੇ ਜਗਤ ਨੂੰ (ਆਪਣਾ) ਹੱਥ ਦੇਕੇ ਬਚਾ ਲੈ। (ਹੇ ਸਰਣਾਗਤਾਂ ਨੂੰ) ਸ਼ਰਣ ਦੇਣ ਜੋਗ ਤੇ ਸਮਰਥ ਸੁਆਮੀ! ਹੇ ਕਿਰਪਾ ਦੀ ਨਿਧੀ ਤੇ ਸੁਖਾਂ ਦੇ ਦਾਤੇ! ਮੈਂ ਤੇਰੇ ਉਨ੍ਹਾਂ ਦਾਸਾਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਨੇ (ਤੈਂ) ਇਕ ਨੂੰ ਪਛਾਣ ਲਿਆ ਹੈ। (ਤੂੰ ਜਿਸ ਦਾ) ਰੰਗ ਤੇ ਨਿਸ਼ਾਨ ਨਹੀਂ ਲਖਿਆ ਜਾਂਦਾ (ਤੇ) ਕਥਨ ਕੀਤੇ ਜਾਣ ਤੋਂ ਬੀ ਅਕੱਥ ਹੈ। ਬੇਨਤੀ ਕਰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ ਮੇਰੀ) ਬੇਨਤੀ ਸੁਣੋ, ਹੇ ਪ੍ਰਭੂ! ਜੋ ਕਾਰਣਾਂ ਦੇ ਕਰਨੇ ਵਾਲੇ ਸਮਰੱਥ (ਸੁਆਮੀ) ਹੋ॥੧॥

ਏਹਿ ਜੀਅ ਤੇਰੇ ਤੂ ਕਰਤਾ ਰਾਮ॥ ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ॥ ਭ੍ਰਮ ਦੂਖ ਦਰਦ ਨਿਵਾਰਿ ਖਿਨ ਮਹਿ ਰਖਿ ਲੇਹੁ ਦੀਨ ਦੈਆਲਾ॥ ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲ ਗੋਪਾਲਾ॥ ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ॥ ਬਿਨਵੰਤਿ ਨਾਨਕ ਦਾਸੁ ਤੇਰਾ ਸਭਿ ਜੀਅ ਤੇਰੇ ਤੂ ਕਰਤਾ॥੨॥

ਏਹ (ਸਾਰੇ) ਜੀਵ ਤੇਰੇ ਹਨ, ਤੂੰ (ਇਨ੍ਹਾਂ ਦਾ) ਸਿਰਜਣਹਾਰ ਹੈਂ, ਹੇ ਪ੍ਰਭੂ! (ਇਨ੍ਹਾਂ ਨੂੰ) ਦੁਖ ਦਰਦ ਭਰਮ ਤੋਂ ਰਹਿਤ ਕਰਨੇ ਵਾਲਾ (ਤੂੰ ਹੀ) ਹੈਂ। (ਇਨ੍ਹਾਂ ਦਾ) ਭਰਮ ਦੁੱਖ (ਤੇ) ਦਰਦ ਪਲ ਵਿਚ ਦੂਰ ਕਰਕੇ (ਇਨ੍ਹਾਂ ਨੂੰ) ਬਚਾ ਲੈ, ਹੇ ਦੀਨਾਂ ਤੇ (ਸਦਾ-) ਦਿਆਲੂ। ਹੇ ਗੋਪਾਲ! (ਇਹ) ਜਗਤ (ਦੇ ਜੀਵ) ਸਾਰੇ (ਤੇਰੇ) ਬਾਲਕੇ ਹਨ, (ਤੂੰ ਇਨ੍ਹਾਂ ਦਾ) ਮਾਤਾ, ਪਿਤਾ, ਮਿਤ੍ਰ ਤੇ ਮਾਲਕ (ਸਭੋ ਕੁਛ) ਹੈਂ। ਜੋ (ਤੇਰੀ) ਸ਼ਰਣ ਆਉਂਦਾ ਹੈ (ਉਹ) ਗੁਣਾਂ ਦਾ ਖ਼ਜ਼ਾਨਾ ਪਾ ਲੈਂਦਾ ਹੈ, ਉਹ ਫੇਰ ਜੰਮਦਾ ਮਰਦਾ ਨਹੀਂ ਹੈ। ਨਾਨਕ ਤੇਰਾ ਦਾਸ ਬੇਨਤੀ ਕਰਦਾ ਹੈ, ਸਾਰੇ ਜੀਵ ਤੇਰੇ ਹਨ, ਤੂੰ (ਇਨ੍ਹਾਂ ਸਭਨਾਂ ਦਾ) ਸਿਰਜਣਹਾਰ ਹੈ॥੨॥

ਆਠ ਪਹਰ ਹਰਿ ਧਿਆਈਐ ਰਾਮ॥ ਮਨ ਇਛਿਅੜਾ ਫਲੁ ਪਾਈਐ ਰਾਮ॥ ਮਨ ਇਛ ਪਾਈਐ ਪ੍ਰਭੁ ਧਿਆਈਐ ਮਿਟਹਿ ਜਮ ਕੇ ਤ੍ਰਾਸਾ॥ ਗੋਬਿਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ॥ ਤਜਿ ਮਾਨੁ ਮੋਹੁ ਵਿਕਾਰ ਸਗਲੇ ਪ੍ਰਭੂ ਕੈ ਮਨਿ ਭਾਈਐ॥ ਬਿਨਵੰਤਿ ਨਾਨਕ ਦਿਨਸੁ ਰੈਣੀ ਸਦਾ ਹਰਿ ਹਰਿ ਧਿਆਈਐ॥੩॥

[ਹੁਣ ਜੀਵਾਂ ਨੂੰ ਪ੍ਰਭੂ ਜੀ ਦੀ ਸ਼ਰਣ ਲੈਣ ਦੀ ਜਾਚ ਦੱਸਦੇ ਹਨ] ਅੱਠ ਪਹਿਰ ਹਰੀ ਨੂੰ ਧਿਆਈਏ (ਤਾਂ) ਮਨ ਦਾ ਚਾਹਿਆ ਫਲ ਪਾ ਲਈਦਾ ਹੈ। (ਹਾਂ) ਪ੍ਰਭੂ ਧਿਆਈਏ (ਤਾਂ) ਮਨ ਦੀ ਇੱਛਾ ਪਾ ਲਈਦੀ ਹੈ (ਅਤੇ) ਜਮ ਦੇ ਡਰ ਦੂਰ ਹੋ ਜਾਂਦੇ ਹਨ। (ਜਿਨ੍ਹਾਂ ਨੇ) ਸਾਧੂ ਦੀ ਸੰਗਤ ਵਿਚ ਵਾਹਿਗੁਰੂ ਨੂੰ ਗਾਂਵਿਆਂ ਹੈ ਉਨ੍ਹਾਂ ਦੀ) ਆਸ਼ਾ ਪੂਰਨ ਹੋਈ ਹੈ। (ਇਸ ਲਈ ਚਾਹੀਦਾ ਹੈ ਕਿ) ਸਾਰੇ ਮਾੜੇ ਕਰਮ ਮੋਹ ਤੇ ਮਾਨ ਛੱਡਕੇ ਪ੍ਰਭੂ ਦੇ ਮਨ ਵਿਚ ਚੰਗੇ ਲਗੀਏ। (ਇਸ ਲਈ) ਸ੍ਰੀ ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ ਦਿਨੇ ਰਾਤੀ ਸਦਾ ਹੀ ਹਰਿ ਹਰਿ ਨੂੰ ਧਿਆਈਏ, (ਅਰਥਾਤ ਵਹਿਗੁਰੂ ਦਾ ਨਾਮ ਸਿਮਰੀਏ)॥੩॥


ਦਰਿ ਵਾਜਹਿ ਅਨਹਤ ਵਾਜੇ ਰਾਮ ॥ ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ॥ ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ॥ ਗੁਣ ਬੇਅੰਤ ਕਿਛੁ ਕਹਣੁ ਨ ਜਾਈ ਕੋਇ ਨ ਸਕੈ ਪਹੂਚਾ॥ ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ॥ ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ॥੪॥੩॥

(ਵਾਹਿਗੁਰੂ ਦੇ) ਦਰ ਉਤੇ ਅਨਹਤ ਵਾਜੇ ਵਜਦੇ ਹਨ, ਹਿਰਦੇ ਹਿਰਦੇ ਵਿਚ ਵਾਹਿਗੁਰੂ ਬੋਲ ਰਿਹਾ ਹੈ। (ਹਾਂ) ਗੋਵਿੰਦ ਬੋਲ ਰਿਹਾ ਹੈ, (ਓਥੇ) ਸਦਾ ਬਿਰਾਜਮਾਨ ਹੈ, (ਪਰ ਓਹ) ਮਨ ਦੀ ਗੰਮਤਾ ਤੋਂ ਪਰੇ ਹੈ, ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ (ਅਤੇ ਸਭ ਤੋਂ) ਉੱਚਾ ਹੈ। (ਉਸ ਦੇ) ਗੁਣ ਬਿਅੰਤ ਹਨ, (ਉਨ੍ਹਾਂ ਬਾਬਤ) ਕੁਛ ਕਿਹਾ ਨਹੀਂ ਜਾ ਸਕਦਾ, ਕਿਸੇ ਦੀ (ਓਥੇ) ਪਹੁੰਚ ਨਹੀਂ। ਆਪ (ਸ੍ਰਿਸ਼ਟੀ) ਪੈਦਾ ਕਰਦਾ ਹੈ, ਆਪੇ ਪਾਲਣਾ ਕਰਦਾ ਹੈ, ਜੀਅ ਜੰਤ ਸਾਰੇ (ਉਸ ਦੇ) ਸਾਜੇ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਬੇਨਤੀ ਕਰਦੇ ਹਨ ਨਾਮ ਦੁਆਰਾ (ਕੀਤੀ ਹੋਈ) ਭਗਤੀ ਵਿਚ ਸੁਖ ਹੈ, (ਉਸ ਦੇ) ਦਰਿ ਅਨਹਦ ਵਾਜੇ ਵਜ, ਰਹੇ ਹਨ॥੪॥੩॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਗੁਰਦੇਵ ਰੁਪਾਣਾ ਦੀ ਪੁਸਤਕ 'ਆਮ-ਖਾਸ' ਨੂੰ ਸਾਹਿਤ ਅਕਾਦੇਮੀ ਪੁਰਸਕਾਰ

### ਦੀਪਕ ਧਲੇਵਾਂ ਨੂੰ ਯੁਵਾ ਅਤੇ ਕਰਨੈਲ ਸਿੰਘ ਸੋਮਲ ਨੂੰ ਬਾਲ ਸਾਹਿਤ ਪੁਰਸਕਾਰ



ਭਾਰਤੀ ਸਾਹਿਤ ਅਕਾਦਮੀ ਨੇ ਸੰਨ 2020 ਲਈ 20 ਭਾਸ਼ਾਵਾਂ ਦੇ ਸਾਹਿਤ ਅਕਾਦੇਮੀ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਹੈ। ਪੰਜਾਬੀ ਸਾਹਿਤ ਲਈ ਇਹ ਸਨਮਾਨ ਗੁਰਦੇਵ ਸਿੰਘ ਰੁਪਾਣਾ ਨੂੰ ਉਨ੍ਹਾਂ ਦੇ ਕਹਾਣੀ ਸੰਗ੍ਰਹਿ **ਆਮ-ਖਾਸ** ਲਈ ਦਿੱਤਾ ਗਿਆ ਹੈ। ਮਾਲਵੇ ਦੇ ਜਨ-ਜੀਵਨ ਨੂੰ ਆਪਣੇ ਨਾਵਲਾਂ ਤੇ ਕਹਾਣੀਆਂ ਵਿਚ ਬਹੁਤ ਹੀ ਜੀਵੰਤ ਢੰਗ ਨਾਲ ਚਿਤਰਨ ਵਾਲੇ ਗੁਰਦੇਵ ਸਿੰਘ ਰੁਪਾਣਾ ਦਾ ਇਹ ਕਹਾਣੀ ਸੰਗ੍ਰਹਿ ਵੀ ਇਸ ਲੜੀ ਵਿਚ ਇਕ ਸ਼ਾਨਦਾਰ ਸਿਰਜਣਾ ਹੈ। ਅੰਗਰੇਜ਼ੀ ਸਾਹਿਤ 'ਚ ਅਕਾਦੇਮੀ ਪੁਰਸਕਾਰ ਅਰੁੰਧਤੀ ਸੁਬਰਾਮਣੀਅਮ ਨੂੰ ਉਨ੍ਹਾਂ ਦੀ ਪੁਸਤਕ **ਵੈਨ੍ਹ ਗੋਡ ਇਜ਼ ਏ ਟਰੈਵਲਰ** ਅਤੇ ਹਿੰਦੀ ਸਾਹਿਤ ਲਈ ਅਨਾਮਿਕਾ ਨੂੰ ਮਿਲਿਆ ਹੈ। ਇਸ ਵਾਰ ਇਨਾਮਾਂ ਦੀ ਸੂਚੀ 'ਚ ਸੱਤ ਕਾਵਿ-ਸੰਗ੍ਰਹਿ, ਚਾਰ ਨਾਵਲ, ਪੰਜ ਲਘੂ ਕਹਾਣੀਆਂ, ਦੋ ਨਾਟਕ ਅਤੇ ਹੋਰ ਰਚਨਾਵਾਂ ਸ਼ਾਮਲ ਹਨ। ਪੰਜਾਬੀ ਸਾਹਿਤ ਲਈ ਗੁਰਦੇਵ ਸਿੰਘ ਰੁਪਾਣਾ ਨੂੰ ਇਨਾਮ ਦੇਣ ਵਾਲੀ ਜ਼ਿਊਰੀ 'ਚ ਕਵੀ ਮੋਹਨਜੀਤ, ਗਲਪਕਾਰ ਬਲਦੇਵ ਸਿੰਘ ਸੜਕਨਾਮਾ ਅਤੇ ਡਾ. ਸਤਿੰਦਰ ਸਿੰਘ ਸ਼ਾਮਲ ਸਨ।

ਸਾਹਿਤ ਅਕਾਦੇਮੀ ਨੇ 2020 ਲਈ ਬਾਲ ਸਾਹਿਤ ਤੇ ਯੁਵਾ ਪੁਰਸਕਾਰਾਂ ਦਾ ਵੀ ਐਲਾਨ ਕੀਤਾ ਹੈ। ਪੰਜਾਬੀ 'ਚ ਯੁਵਾ ਪੁਰਸਕਾਰ ਲਈ ਨੌਜਵਾਨ ਕਵੀ-ਆਲੋਚਕ ਦੀਪਕ ਕੁਮਾਰ ਧਲੇਵਾਂ ਦੀ ਚੋਣ ਹੋਈ ਹੈ ਅਤੇ ਬਾਲ ਪੁਰਸਕਾਰ ਲਈ ਕਰਨੈਲ ਸਿੰਘ ਸੋਮਲ ਦੇ ਨਾਂ ਤੇ ਮੋਹਰ ਲਾਈ ਗਈ ਹੈ। ਭਾਈ ਵੀਰ ਸਿੰਘ ਸਾਹਿਤ ਸਦਨ ਅਕਾਦੇਮੀ ਪੁਰਸਕਾਰ ਲਈ ਚੁਣੇ ਗਏ ਸਾਹਿਤਕਾਰਾਂ ਨੂੰ ਮੁਬਾਰਕਬਾਦ ਪੇਸ਼ ਕਰਦਾ ਹੈ।

## ਗੁਰਦੀਪ ਸਿੰਘ ਨੇ ਪਾਕਿਸਤਾਨੀ ਸੈਨੇਟਰ ਵਜੋਂ ਹਲਫ਼ ਲਿਆ



ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਤੋਂ ਤਹਿਰੀਕ-ਏ ਇਨਸਾਫ਼ ਪਾਰਟੀ ਦੇ ਉਮੀਦਵਾਰ ਸ. ਗੁਰਦੀਪ ਸਿੰਘ ਨੂੰ 3 ਮਾਰਚ ਨੂੰ ਹੋਈ ਚੋਣ ਦੌਰਾਨ ਜਮਾਇਤ ਉਲੇਮਾ-ਏ-ਇਸਲਾਮ ਦੇ ਉਮੀਦਵਾਰ ਰਣਜੀਤ ਸਿੰਘ ਨੂੰ ਵੱਡੇ ਫ਼ਰਕ ਨਾਲ ਹਰਾ ਕੇ 12 ਮਾਰਚ ਨੂੰ ਸੈਨੇਟਰ ਵਜੋਂ ਹਲਫ਼ ਲੈ ਲਿਆ ਹੈ। 145 ਮੈਂਬਰੀ ਸਦਨ 'ਚ ਗੁਰਦੀਪ ਸਿੰਘ ਨੇ ਹਲਫ਼ ਲੈਣ ਮਗਰੋਂ ਖ਼ਬਰ ਏਜੰਸੀ ਨੂੰ ਕਿਹਾ ਕਿ ਉਹ ਘੱਟਗਿਣਤੀ ਭਾਈਚਾਰੇ ਦੀ ਬਿਹਤਰੀ ਲਈ ਕੰਮ ਕਰਨਗੇ।

## ਨਵੇਂ ਵਰ੍ਹੇ ਦੀ ਆਮਦ ਤੇ ਜਥੇਦਾਰ ਨੇ ਦਿੱਤੀ ਸੰਗਤਾਂ ਨੂੰ ਵਧਾਈ

ਨਾਨਕਸ਼ਾਹੀ ਕੈਲੰਡਰ ਅਨੁਸਾਰ ੧ ਚੇਤ (14 ਮਾਰਚ) ਨੂੰ ਆਰੰਭ ਹੁੰਦੇ ਨਵੇਂ ਵਰ੍ਹੇ ਨਾਨਕਸ਼ਾਹੀ ਸੰਮਤ ੫੫੩ ਦੀ ਆਮਦ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ, ਗੁਰਦਵਾਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਨਵੇਂ ਸਾਲ ਦੀ ਵਧਾਈ ਦਿੱਤੀ। ਇਸ ਮੌਕੇ ਗੁਰਦਵਾਰਾ ਮੰਜੀ ਸਾਹਿਬ ਵਿਖੇ ਨਵਾਂ ਸਾਲ ਸ਼ੁਰੂ ਹੋਣ ਤਕ ਰੈਣ ਸਬਾਈ ਕੀਰਤਨ ਹੋਇਆ। ਉਪਰੰਤ ਪ੍ਰਮੁੱਖ ਆਗੂਆਂ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਵਲੋਂ ਨਵੇਂ ਸਾਲ ਦੀ ਵਧਾਈ ਦਿੱਤੀ ਗਈ ਅਤੇ ਪੰਥ ਨੂੰ ਆਪਣੇ ਕੈਲੰਡਰ ਅਤੇ ਨਵੇਂ ਸਾਲ ਨਾਲ ਜੁੜਨ ਦਾ ਸੰਦੇਸ਼ ਦਿੱਤਾ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਦਰਬਾਰ ਸਾਹਿਬ ਸਰੋਵਰ 'ਚ ਇਸ਼ਨਾਨ ਕਰਕੇ ਗੁਰਦੁਆਰੇ ਨਤਮਸਤਕ ਹੋਈਆਂ। ਪੰਥ 'ਚ ਨਵੇਂ ਸਾਲ ਦਾ ਇਹ ਦਿਹਾੜਾ ਵੱਖ-ਵੱਖ ਥਾਵਾਂ ਤੇ ਚਾਓ ਸਹਿਤ ਮਨਾਇਆ ਗਿਆ।